# ਦੇਸ਼ ਦੁਆਬਾ

VOL - 3 ISSUE - 20
January 01, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com


ਆਜ਼ਾਦੀ ਘੁਲਾਟੀਏ, ਮਹਾਨ ਗਦਰੀ ਬਾਬੇ ਅਤੇ ਆਦਿ ਧਰਮ ਮੰਡਲ ਪੰਜਾਬ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਨ ਦੀਆਂ ਸਮੂਹ ਮਾਨਵਤਾ ਪ੍ਰੇਮੀਆਂ ਨੂੰ ਲੱਖ ਲੱਖ ਵਧਾਈਆਂ। (ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ ਦਿਨ 14 ਜਨਵਰੀ ਮਨਾਇਆ ਜਾ ਰਿਹਾ ਹੈ।)





ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## "ਅਦਾਰਾ ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2015 ਦੀਆਂ ਲੱਖ ਲੱਖ ਮੁਬਾਰਕਾਂ



ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ, ਰੋਜ਼ਵਿਲ ਅਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੇਫੋਰਨੀਆ) ਵਿਖੇ ਨਵੇਂ ਸਾਲ ਦੀ ਆਮਦ ਤੇ 31 ਦਸੰਬਰ 2014 ਦੀ ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਗਏ। ਇਸ ਮੌਕੇ ਨਾਮੀ ਰਾਗੀ ਜਥਿਆਂ ਨੇ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ, ਜਿਸ ਨੂੰ ਸੰਗਤਾਂ ਨੇ ਅੰਤਰ ਧਿਆਨ ਹੋ ਕੇ ਸਰਵਣ ਕਰਦਿਆਂ ਨਵਾਂ ਸਾਲ ਚੜ੍ਹਦਿਆਂ ਹੀ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਸਾਰਿਆਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ। 'ਦੇਸ਼ ਦੁਆਬਾ' ਦੇ ਪ੍ਰਤੀਨਿਧਾਂ ਨੇ ਵੀ ਦੋਵੇਂ ਗੁਰੂ ਘਰਾਂ ਵਿਚ ਹਾਜ਼ਰੀ ਲਵਾਈ ਅਤੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ। (ਤਸਵੀਰਾਂ ਤੇ ਜਾਣਕਾਰੀ-ਪ੍ਰੇਮ ਕੁਮਾਰ ਚੁੰਬਰ)

## ਨਵਾਂ ਨਾਨਕਸ਼ਾਹੀ ਕੈਲੰਡਰ ਤਿਆਰ ਹੋਣਾ ਚਾਹੀਦਾ ਹੈ: ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ–** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮੂਲ ਨਾਨਕਸ਼ਾਹੀ ਕੈਲੰਡਰ ਅਤੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦੋਵਾਂ ਨੂੰ ਤਰੁੱਟੀਆਂ ਭਰਪੂਰ ਦੱਸਦਿਆਂ ਆਖਿਆ ਕਿ ਇਕ ਨਵਾਂ ਅਸਲੀ ਨਾਨਕਸ਼ਾਹੀ ਕੈਲੰਡਰ ਤਿਆਰ ਹੋਣਾ ਚਾਹੀਦਾ ਹੈ, ਜੋ ਸਰਵ ਪ੍ਰਵਾਨਿਤ ਹੋਵੇ ਅਤੇ ਸਿੱਖਾਂ ਦੀ ਪਛਾਣ ਬਣੇ ਅਤੇ ਜਿਸ ਨਾਲ ਕੌਮ ਦਾ ਆਪਸੀ ਵਿਵਾਦ ਖਤਮ ਹੋਵੇ। ਅੱਜ ਇਥੇ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਉਨ੍ਹਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿਚ ਲਗਪਗ 50 ਸਿੱਖ ਜਥੇਬੰਦੀਆਂ ਮਿਲਣ ਲਈ ਆਈਆਂ ਸਨ, ਜਿਨ੍ਹਾਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਸਬੰਧੀ ਮੰਗ ਪੱਤਰ ਵੀ ਦਿੱਤਾ ਹੈ। ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਦੀਆਂ ਸਮਰਥਕ ਧਿਰਾਂ ਅਤੇ ਵਿਰੋਧੀ ਧਿਰਾਂ ਦੋਵਾਂ ਵਲੋਂ ਆਪੋ ਆਪਣੇ ਮੰਗ ਪੱਤਰ ਸੌਂਪੇ ਗਏ ਹਨ। ਇਸ ਮਸਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਇਕ-ਤਰਤਾ ਵਿਚ ਵਿਚਾਰਿਆ ਜਾਵੇਗਾ ਅਤੇ ਮਗਰੋਂ ਇਸ ਬਾਰੇ ਫੈਸਲਾ ਕੀਤਾ ਜਾਵੇਗਾ।



ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਪਛਾਣ ਦਾ ਆਧਾਰ ਹੈ, ਸਬੰਧੀ ਸਵਾਲ ਦਾ ਉੱਤਰ ਦਿੰਦਿਆਂ ਉਨ੍ਹਾਂ ਆਖਿਆ ਕਿ ਇਸ ਕੈਲੰਡਰ ਵਿਚ ਵੀ ਤਰੁੱਟੀਆਂ ਸਨ ਅਤੇ ਉਸ ਵੇਲੇ ਸਰਵ ਪ੍ਰਵਾਨਿਤ ਕੈਲੰਡਰ ਨਹੀਂ ਬਣ ਸਕਿਆ ਸੀ। ਉਨ੍ਹਾਂ ਆਖਿਆ ਕਿ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਬਿਕਰਮੀ ਅਤੇ ਨਾਨਕਸ਼ਾਹੀ ਕੈਲੰਡਰ ਦਾ ਮਿਲਿਆ ਜੁਲਿਆ ਰੂਪ ਹੈ, ਜਿਸ ਕਾਰਨ ਪੰਥ ਵਿਚ ਵਿਵਾਦ ਪੈਦਾ ਹੋਇਆ ਹੈ। ਉਨ੍ਹਾਂ ਆਖਿਆ ਕਿ ਇਸ ਦੁਬਿਧਾ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਮੌ-ਜੂਦਾ ਸੋਧੇ ਹੋਏ ਕੈਲੰਡਰ ਵਿਚ 4 ਗੁਰਪੁਰਬਾਂ ਦੀਆਂ ਤਰੀਕਾਂ ਨੂੰ ਬਿਕਰਮੀ ਕੈਲੰਡਰ ਅਨੁਸਾਰ ਤਬਦੀਲ ਕਰ ਦਿੱਤਾ ਗਿਆ ਸੀ। ਉਨ੍ਹਾਂ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਇਸ ਵੇਲੇ ਸਿੱਖ ਕੌਮ ਦੇ ਸਾਹਮਣੇ ਤਿੰਨ ਅਹਿਮ ਮੁੱਦੇ ਹਨ, ਜਿਨ੍ਹਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਦਾ ਮਾਮਲਾ, ਧਾਰਾ 25 ਬੀ ਵਿਚ ਸੋਧ ਅਤੇ ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਭਾਈ ਗੁਰਬਖਸ਼ ਸਿੰਘ ਖਾਲਸਾ ਪਿਛਲੇ 48 ਦਿਨਾਂ ਤੋਂ ਭੁੱਖ ਹੜਤਾਲ 'ਤੇ ਹੈ ਅਤੇ ਹੁਣ ਉਸਦੀ ਸਿਹਤ ਵਿਗੜ ਰਹੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਇਸ ਲਈ ਸਿੱਖ ਜਥੇਬੰਦੀਆਂ ਇਸ ਮੁੱਦੇ ਨੂੰ ਵਧੇਰੇ ਤਰਜੀਹ ਦੇਣ ਅਤੇ ਬਾਕੀ ਦੋ ਮੁੱਦਿਆਂ ਦੇ ਹੱਲ ਲਈ ਬਾਅਦ ਵਿਚ ਯਤਨ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਆਖਿਆ ਕਿ ਸੀਨੀਅਰ ਸਿੱਖ ਵਕੀਲਾਂ ਨੂੰ ਵੀ ਇਸ ਮੁੱਦੇ 'ਤੇ ਆਪਣੀ ਰਾਏ ਜਾਂ ਵਿਚਾਰ ਦੱਸਣੇ ਚਾਹੀਦੇ ਹਨ ਕਿ ਬੰਦੀ ਸਿੱਖਾਂ ਦੀ ਰਿਹਾਈ ਕਿਵੇਂ ਹੋ ਸਕਦੀ ਹੈ ਤਾਂ ਜੋ ਭਾਈ ਖਾਲਸਾ ਦੀ ਵੱਡਮੁੱਲੀ ਜਾਨ ਨੂੰ ਬਚਾਇਆ ਜਾ ਸਕੇ। ਉਨ੍ਹਾਂ ਆਖਿਆ

(ਬਾਕੀ ਸਫਾ 16 ਤੇ )

## ਪੰਜਾਬ ਸਰਕਾਰ ਦੀ ਜਾਤੀਵਾਦ ਨੂੰ ਖਤਮ ਕਰਨ ਦੀ ਯੋਜਨਾ ਹੋਈ ਠੁੱਸ

**ਚੰਡੀਗੜ੍ਹ–** ਅਨੁਸੂਚਿਤ ਜਾਤੀ ਨਾਲ ਸਬੰਧਤ ਹਿੰਦ ਕੁਮਾਰ ਤੇ ਉਸ ਦੀ ਪਤਨੀ, ਜੋ ਅਰੋੜਾ ਭਾਈਚਾਰੇ ਤੋਂ ਹੈ, ਨੂੰ ਅੰਤਰਜਾਤੀ ਵਿਆਹ ਕਰਾਉਣ ਸਮੇਂ ਹੋਰ ਸਾਰੇ ਡਰਾਂ ਤੋਂ ਪਾਰ ਇਕ ਹਲਕੀ ਜਿਹੀ ਖੁਸ਼ੀ ਇਸ ਗੱਲ ਦੀ ਸੀ ਕਿ ਸਰਕਾਰ ਵੀ ਉਨ੍ਹਾਂ ਨਾਲ ਸੀ, ਜਿਸ ਨੇ ਇਸ ਜੋੜੀ ਨੂੰ 50,000 ਰੁਪਏ ਗ੍ਰਾਂਟ ਦੇਣ ਦਾ ਵਾਅਦਾ ਕੀਤਾ ਸੀ। ਮਈ 2012 ਵਿੱਚ ਦੋਵਾਂ ਨੇ ਪਰਿਵਾਰ ਦੀ ਮਰਜ਼ੀ ਦੇ ਉਲਟ ਵਿਆਹ ਕਰਾਇਆ ਸੀ। ਕੇਂਦਰ ਤੇ ਰਾਜ ਸਰਕਾਰ ਵੱਲੋਂ ਬਰਾਬਰ-ਬਰਾਬਰ ਦੀ ਰਕਮ ਪਾ ਕੇ ਦਿੱਤੀ ਜਾਣ ਵਾਲੀ ਰਾਸ਼ੀ ਇਕ ਸਕੀਮ ਤਹਿਤ ਅਜਿਹੇ ਜੋੜਿਆਂ ਨੂੰ ਦਿੱਤੀ ਜਾਣੀ ਹੁੰਦੀ ਹੈ, ਜੋ ਅੰਤਰਜਾਤੀ ਵਿਆਹ ਕਰਵਾ ਕੇ ਕੌਮੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਦੇ ਹਨ। ਢਾਈ ਸਾਲ ਹੋ ਗਏ ਨੇ, ਇਸ ਜੋੜੇ ਨੂੰ ਦੁਆਨੀ ਵੀ ਨਹੀਂ ਮਿਲੀ।

ਵਿਆਹੁਤਾ ਜੀਵਨ ਸ਼ੁਰੂ ਕਰਨ ਲਈ ਥੋੜ੍ਹੀ ਰਾਸ਼ੀ ਮਿਲਣ ਦੀ ਥਾਂ, ਹਿੰਦ ਦਾ ਕਹਿਣਾ ਹੈ ਕਿ ਜ਼ਿਲ੍ਹਾ ਭਲਾਈ ਦਫਤਰ ਦੇ ਗੇੜਿਆਂ 'ਚ ਉਹ ਕਿੰਨੇ ਹੀ ਪੈਸੇ ਪੱਲਿਓਂ ਖਰਚ ਚੁੱਕਿਆ ਹੈ, ਪਰ ਕੁਝ ਨਹੀਂ ਬਣਿਆ। ਇਕ ਹੋਰ ਸਥਾਨਕ ਦਲਿਤ ਨੌਜਵਾਨ ਸ਼ਕਤੀ ਦਾ ਵੀ ਇਹੋ ਕਹਿਣਾ ਹੈ ਕਿ ਉਸ ਨੂੰ ਗ੍ਰਾਂਟ ਤਾਂ ਦਿੱਤੀ ਜਾਣੀ ਸੀ, ਪਰ ਹਾਲੇ ਤੱਕ ਨਹੀਂ ਮਿਲੀ। ਉਸ ਨੇ ਜੱਟ ਸਿੱਖ ਪਰਿਵਾਰ ਦੀ ਲੜਕੀ ਨਾਲ ਵਿਆਹ ਕਰਾਇਆ ਸੀ। ਇਨ੍ਹਾਂ ਦੋਵੇਂ ਜੋੜਿਆਂ ਨੂੰ ਇਸ ਗੱਲ 'ਤੇ ਥੋੜ੍ਹਾ ਸਬਰ ਹੋ ਸਕਦਾ ਹੈ ਕਿ ਉਹ ਇਕੱਲੇ ਨਹੀਂ ਹਨ, ਜਿਨ੍ਹਾਂ ਨਾਲ ਸਰਕਾਰ ਇੰਜ ਕਰ ਰਹੀ ਹੈ, ਅਜਿਹੇ ਕੋਈ 2300 ਜੋੜੇ ਹਨ, ਜਿਨ੍ਹਾਂ ਨੂੰ ਜਨਵਰੀ 2008 ਤੋਂ ਵਾਅਦਿਆਂ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਗ੍ਰਾਂਟ ਨਹੀਂ ਦਿੱਤੀ ਗਈ। ਕੇਂਦਰ ਤੇ ਰਾਜ ਸਰਕਾਰਾਂ ਦੀ ਸਾਂਝੀ ਸਕੀਮ ਤਹਿਤ ਪਹਿਲਾਂ ਇਹ ਰਾਸ਼ੀ 2500 ਰੁਪਏ ਹੁੰਦੀ ਸੀ। ਫਿਰ 2011 'ਚ ਇਹ ਵਧਾ ਕੇ 50,000 ਰੁਪਏ ਤਾਂ ਕਰ ਦਿੱਤੀ ਗਈ, ਪਰ ਹਾਲੇ ਤੱਕ ਕਿਸੇ ਨੂੰ ਇਸ ਦਾ ਭੁਗਤਾਨ ਨਹੀਂ ਕੀਤਾ ਗਿਆ। ਹੁਸ਼ਿਆਰਪੁਰ ਤੋਂ ਇਕ ਆਰ ਟੀ ਆਈ ਕਾਰਕੁਨ ਜੈ ਗੋਪਾ ਧੀਮਾਨ ਪਿਛਲੇ ਤਿੰਨ ਸਾਲ ਤੋਂ ਅਜਿਹੇ ਜੋੜਿਆਂ ਦੇ ਕੇਸਾਂ ਦੀ ਪੈਰਵੀ ਕਰ ਰਿਹਾ ਹੈ, ਪਰ ਉਹ ਸਫਲ ਨਹੀਂ ਹੋ ਸਕਿਆ। ਉਸ ਦਾ ਕਹਿਣਾ ਹੈ ਕਿ ਸਰਕਾਰ ਵਾਰ-ਵਾਰ ਉਸ ਨੂੰ ਭਰੋਸੇ ਦਿੰਦੀ ਹੈ ਕਿ ਇਨ੍ਹਾਂ ਜੋੜਿਆਂ ਨੂੰ ਪੈਸੇ ਦੇ ਦੇਵੇਗੀ, ਪਰ ਕੁਝ ਨਹੀਂ ਹੋ ਰਿਹਾ।

ਇਹ ਤਾਂ ਨਿਜ਼ਾਮ ਨਾਲ ਖੇਡਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਨੂੰ ਧਾਰਮਿਕ ਕੱਟੜਵਾਦ, ਜਾਤਪਾਤ ਜਿਹੀ ਜਿੱਲ੍ਹਣ ਵਿੱਚੋਂ ਕੱਢਣ ਲਈ ਅਜਿਹੀਆਂ ਸਕੀਮਾਂ ਦਾ ਐਲਾਨ ਤਾਂ ਕਰ ਦਿੰਦੀ ਹੈ, ਪਰ ਮਗਰੋਂ ਸਾਲਾਂਬੱਧੀ ਇਹ ਹੌਸਲਾ ਵਧਾਉਣ ਰਾਸ਼ੀ ਨਹੀਂ ਦਿੰਦੀ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਦੇ ਬਹੁਤੇ ਲਾਭਪਾਤਰੀ ਹੁਸ਼ਿਆਰਪੁਰ ਤੋਂ ਹਨ। ਇਸ ਜ਼ਿਲ੍ਹੇ ਦੇ 300 ਜੋੜੇ ਇਸ ਸਕੀਮ ਅਧੀਨ ਗ੍ਰਾਂਟ ਦੀ ਉਡੀਕ ਵਿੱਚ ਹਨ।

ਸੰਗਰੂਰ ਦੇ ਸ਼ਕਤੀ ਨੇ ਦੱਸਿਆ ਕਿ ਪਿਛਲੇ ਡੇਢ ਸਾਲ ਵਿੱਚ ਉਹ ਆਪਣੇ ਕੇਸ ਬਾਰੇ ਜਾਣਨ ਲਈ ਜ਼ਿਲ੍ਹਾ ਭਲਾਈ ਦਫਤਰ ਦੇ 30 ਤੋਂ ਵੱਧ ਗੇੜੇ ਮਾਰ ਚੁੱਕਿਆ ਹੈ, ਪਰ ਅਧਿਕਾਰੀ ਉਸ ਨੂੰ ਦੱਸਦੇ ਹਨ ਕਿ ਇਹ ਕੇਂਦਰ ਦੀ ਸਪਾਂਸਰ ਕੀਤੀ ਸਕੀਮ ਹੈ ਤੇ ਇਸ ਦੇ ਲਈ ਗ੍ਰਾਂਟ ਨਹੀਂ ਆਈ। ਜੋੜੇ ਵਿੱਚੋਂ ਇਕ ਜਣਾ ਪੰਜਾਬ ਦਾ ਵਾਸੀ ਤੇ

(ਬਾਕੀ ਸਫਾ 16 ਤੇ )


PRE Prime Real Estate Services



Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਫਰਵਰੀ, 2015
ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
8 ਫਰਵਰੀ, 2015
ਐਤਵਾਰ, ਸਵੇਰੇ 9.30 ਵਜੇ




ਕੀਰਤਨ ਦੀਵਾਨ
ਭੋਗ ਉਪਰੰਤ ਦੁਪਹਿਰ 2 ਵਜੇ ਤੱਕ
ਪ੍ਰਸਿੱਧ ਰਾਗੀ ਢਾਡੀ ਜਥੇ,
ਪ੍ਰਸਿੱਧ ਬੁਲਾਰੇ ਤੇ ਭਾਈਚਾਰੇ ਦੇ ਲੀਡਰ
ਆਪਣੇ ਵਿਚਾਰ ਰੱਖਣਗੇ

ਪਰਮ ਸਤਿਕਾਰਯੋਗ ਸਾਧ ਸੰਗਤ ਜੀਓ !

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ)ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

We need volunteers to help with this event to prepare and serve Langar, keep Gurughar clean and organized, directing traffic/parking, kitchen and other sewa. Please contact Ramesh Suman, President at (925)366.3618, Som Nath Bhatia, Vice President at (408)499-0747 or Bibi Kulwant Kaur, Vice President at (925)698-3059. We need your help and support. Your contributions will be greatly appreciated.

7 ਫਰਵਰੀ ਦਿਨ ਸ਼ਨੀਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਜਾਵੇਗੀ।
ਸੰਗਤ ਨੂੰ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੀ ਉਸਾਰੀ ਬਿਲਡਿੰਗ ਨੂੰ ਹੋਰ ਸੁੰਦਰ ਬਣਾਉਣ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਓ ਜੀ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਲੰਗਰ ਦੇ ਸਟਾਲ ਦੀ ਸੇਵਾ ਲਈ ਸੰਪਰਕ ਕਰੋ: ਦਿਲਬਾਗ ਸਿੰਘ (ਸਕੱਤਰ): 209-834-4641, ਅਭਿਸ਼ੇਕ ਪਾਲ (ਸਹਾਇਕ ਸਕੱਤਰ) : 925-695-4637

## ਪ੍ਰਬੰਧਕ ਕਮੇਟੀ

ਚੇਅਰਮੈਨ
ਫਕੀਰ ਮਹਿਮੀ

ਪ੍ਰਧਾਨ
ਰਮੇਸ਼ ਸੁੰਮਨ

ਜਨਰਲ ਸਕੱਤਰ
ਦਿਲਬਾਗ ਸਿੰਘ

ਖਜ਼ਾਨਚੀ
ਨਰਿੰਦਰ ਚਾਹਲ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਦੇ ਮੈਂਬਰ ਅਤੇ ਹੋਰ

WWW.SriGuruRavidassTemple.com

# ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2015 ਦੀਆਂ

## ਲੱਖ ਲੱਖ ਵਧਾਈਆਂ



ਗੁਰੂ ਗੋਬਿੰਦ ਸਿੰਘ ਜੀ



**ਅਮਰੀਕ ਚੰਦ (ਸੀ ਪੀ ਏ)**

Phone : 510-490-8200
Fax : 510-490-8202
Email : achand@pacbell.net



**ਵਿਨੋਦ ਕੁਮਾਰ ਚੁੰਬਰ**

ਵਾਈਸ ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ



**ਰਾਮ ਮੂਰਤੀ ਸਰੋਏ**

Office: (510) 742-8120,
Fax: (510) 742-8121
ramsaroay@hotmail.com

ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਆਪ ਸਭ ਲਈ ਨਵਾਂ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ

ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ


# ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨਵੇਂ ਸਾਲ 2015 ਦੀਆਂ

Siddhartha
INTERNATIONAL

## ਲੱਖ ਲੱਖ ਵਧਾਈਆਂ



ਗੁਰੂ ਗੋਬਿੰਦ ਸਿੰਘ ਜੀ





**36464 Fremont Blvd.**
**Fremont , CA 94536**

Tel 510-792-8500,
Fax: 510-792-0103




# ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਆਪ ਸਭ ਨੂੰ ਨਵੇਂ ਸਾਲ 2015 ਦੀਆਂ ਲੱਖ ਲੱਖ ਵਧਾਈਆਂ




## ਗੁਰੂ ਘਰ ਵੱਲੋਂ ਉਲੀਕੇ ਗਏ ਨਵੇਂ ਸਾਲ 2015 ਦੇ ਪ੍ਰੋਗਰਾਮ

ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ 15 ਫਰਵਰੀ 2015 ਨੂੰ ਮਨਾਇਆ ਜਾਵੇਗਾ। ਅਖੰਡ ਪਾਠ ਸਾਹਿਬ 13 ਫਰਵਰੀ ਨੂੰ ਸਵੇਰੇ 11 ਵਜੇ ਆਰੰਭ ਹੋਣਗੇ। ਨਿਸ਼ਾਨ ਸਾਹਿਬ ਦੀ ਸੇਵਾ 14 ਫਰਵਰੀ ਦਿਨ ਸ਼ਨੀਵਾਰ ਨੂੰ 11 ਵਜੇ। ਭੋਗ ਸ੍ਰੀ ਅਖੰਡ ਪਾਠ ਸਾਹਿਬ 15 ਫਰਵਰੀ, 2015 ਨੂੰ।



ਗੁਰੂ ਘਰ ਦਾ ਸਥਾਪਨਾ ਦਿਵਸ 8 ਮਾਰਚ, 2015, ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਸਬੰਧਤ ਅਖੰਡ ਪਾਠ ਸਾਹਿਬ 6 ਮਾਰਚ ਨੂੰ ਸਵੇਰੇ11 ਵਜੇ ਆਰੰਭ ਕੀਤੇ ਜਾਣਗੇ।

ਗੁਰੂ ਘਰ ਦੀ ਡਿਵੈਲਪਮੈਂਟ ਲਈ ਜਾਣਕਾਰੀ ਵਾਸਤੇ ਸੰਪਰਕ ਕਰੋ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਪ੍ਰੋਗਰਾਮਾਂ ਸਬੰਧੀ ਹੋਰ ਜਾਣਕਾਰੀ ਲਈ ਭਾਈ ਪ੍ਰਿਤਪਾਲ ਸਿੰਘ ਜੀ ਨਾਲ 530-674-2564 ਸੰਪਰਕ ਕੀਤਾ ਜਾ ਸਕਦਾ ਹੈ

ਵੱਲੋਂ: ਸਮੂਹ ਪ੍ਰਬੰਧਕ ਕਮੇਟੀ

ਪਾਰਕਿੰਗ ਲਾਟ ਦੇ ਲਈ ਸੰਪਰਕ ਕਰੋ

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508
ਰਾਮ ਸੇਵਕ ਭਾਟੀਆ
530-701-4370

**SHRI GURU RAVIDASS TEMPLE**
**1480 HAYNE AVENUE, YUBA CITY, CA 95993**

---

# INDIA BAZAAR




**Indian, Pakistani & Fijjian Groceries**

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210

---

ੴ ਸਤਿਗੁਰ ਪ੍ਰਸਾਦਿ

**ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ**
61-01 Broadway, Woodside NY 11377



ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੁਕਾਈ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦਿਹਾੜੇ ਤੇ ਨਵੇਂ ਸਾਲ 2015 ਦੀਆਂ



ਲੱਖ ਲੱਖ ਵਧਾਈਆਂ

ਗੁਰੂ ਘਰ ਦਾ ਸੰਪਰਕ ਨੰਬਰ
**718- 898- 8150**
ਫੈਕਸ- 718-898-0932

ਨਿਰਮਲ ਸਿੰਘ, ਪ੍ਰਧਾਨ (437-538-8296)

**Shri Guru Ravidass Temple New York**

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦੀਆਂ ਧਾਰਮਿਕ/ਸਮਾਜਿਕ ਸਰਗਰਮੀਆਂ















**ਫਰਿਜ਼ਨੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਬੀਤੇ ਦਿਨੀਂ ਐਤਵਾਰ 28 ਦਸੰਬਰ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ , ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਗਏ ਅਤੇ ਭੋਗ ਪਾਏ ਜਾਣ ਉਪਰੰਤ ਗੁਰਬਾਣੀ ਜਾਪ ਅਤੇ ਸ਼ਬਦ ਗਾਇਨ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗਿਆਨੀ ਰਾਮ ਸਿੰਘ ਜੀ ਅਤੇ ਭਾਈ ਹਰਬਿਲਾਸ ਸਿੰਘ ਦੁਆਰਾ ਕੀਤਾ ਗਿਆ, ਜਿਸਨੂੰ ਸੰਗਤ ਨੇ ਬੜੇ ਹੀ ਆਨੰਦਮਈ ਤਰੀਕੇ ਨਾਲ ਸਰਵਣ ਕੀਤਾ।

ਇਸ ਦੇ ਨਾਲ ਹੀ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 58ਵਾਂ ਪ੍ਰੀਨਿਰਵਣ ਦਿਵਸ ਮੌਕੇ ਉਹਨਾਂ ਦੀਆਂ ਮਾਨਵਤਾ ਪ੍ਰਤੀ ਲਾਸਾਨੀ ਘਾਲਣਾਵਾਂ ਦਾ ਵਰਣਨ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਮੁੱਖ ਸੇਵਾਦਾਰ ਸ: ਨਿਰਮਲ ਸਿੰਘ ਜੀ ਤੇ ਅਮਰ ਦੜੌਚ ਦੀ ਦਾਦੀ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ, ਜੋ ਪਿਛਲੇ ਦਿਨੀਂ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਉਹਨਾਂ ਨੂੰ ਵੱਖ ਵੱਖ ਬੁਲਾਰਿਆਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਅਦਾਰਾ "ਦੇਸ਼ ਦੁਆਬਾ" ਇਸ ਦੁੱਖ ਦੀ ਘੜੀ ਵਿਚ ਦੜੌਚ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਅੱਜ ਦੇ ਇਸ ਸਾਰੇ ਦਿਨ ਦੀ ਸੇਵਾ ਅਤੇ ਲੰਗਰ ਸੇਵਾ ਦੜੌਚ ਪਰਿਵਾਰ ਵੱਲੋਂ ਕੀਤੀ ਗਈ।

# ਅਮਰਦੀਪ ਮੇਲਾ 2014 ਸ਼ਾਨੋ-ਸ਼ੌਕਤ ਨਾਲ ਸਮਾਪਤ

## ਵਾਈਸ ਚਾਂਸਲਰ ਵਲੋਂ ਕਾਲਜ਼ ਤੇ ਸਕੂਲ ਦੇ 176 ਵਿਦਿਆਰਥੀ ਸਨਮਾਨਿਤ





**ਮੁਕੰਦਪੁਰ (ਰੇਸ਼ਮ ਕਰਨਾਣਵੀ)–** ਅਮਰਦੀਪ ਸਿੰਘ ਸ਼ੇਰਗਿੱਲ ਕਾਲਜ਼ ਮੁਕੰਦਪੁਰ ਵਿਖੇ ਅਮਰਦੀਪ ਸਿੰਘ ਦਾ ਜਨਮ ਦਿਨ ਤੇ ਕਾਲਜ਼ ਦਾ ਸਥਾਪਨਾ ਦਿਵਸ 2014 ਮੇਲੇ ਦੇ ਰੂਪ ਵਿੱਚ ਮਨਾਇਆ ਗਿਆ। ਇਸ ਮੇਲੇ ਦਾ ਸ਼ੁੱਭ ਉਦਘਾਟਨ ਡਾਕਟਰ ਅਜੈਬ ਸਿੰਘ ਬਰਾੜ ਵਾਈਸ ਚਾਂਸਲਰ, ਸਰਦਾਰਾ ਸਿੰਘ ਜੌਹਲ ਚਾਂਸਲਰ ਸੈਂਟਰਲ ਯੂਨੀਵਰਸਿਟੀ ਬਠਿੰਡਾ ਤੇ ਕਾਲਜ਼ ਸੰਸਥਾਪਕ ਗੁਰਚਰਨ ਸਿੰਘ ਸ਼ੇਰਗਿੱਲ ਨੇ ਅਮਰਦੀਪ ਦੇ ਬੁੱਤ 'ਤੇ ਫੁੱਲ ਮਾਲਾਵਾਂ ਪਹਿਨਾਕੇ ਅਤੇ ਗੁਬਾਰੇ ਛੱਡ ਕੇ ਕੀਤਾ। ਉਪਰੰਤ ਸਟੇਜ ਦੀ ਸ਼ੁਰੂਆਤ ਧਾਰਮਿਕ ਸ਼ਬਦ ਗਾਇਨ ਨਾਲ ਕੀਤੀ ਗਈ ਤੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਕਾਲਜ਼ ਦੀਆਂ ਮੁਟਿਆਰਾਂ ਤੇ ਗੱਭਰੂਆਂ ਨੇ ਲੋਕ ਗੀਤਾਂ ਤੇ ਪੰਜਜਾਬੀ ਗੀਤਾਂ 'ਤੇ ਖੂਬ ਧਮਾਲਾਂ ਪਾਈਆਂ। ਕਾਲਜ਼ ਦੇ ਵਿਦਿਆਰਥੀਆਂ ਨੇ ਲੋਕ-ਗੀਤ, ਪੰਜਾਬੀ ਗੀਤ, ਭੰਗੜਾ-ਗਿੱਧਾ, ਸਕਿੱਟ, ਕੋਰੀਓਗ੍ਰਾਫੀ ਅਤੇ ਹੋਰ ਵੰਨਗੀਆਂ ਪੇਸ਼ ਕਰਕੇ ਆਏ ਮਹਿਮਨਾਂ ਤੇ ਵਿਦਿਆਰਥੀਆਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਉਪਰੰਤ ਅਜੈਬ ਸਿੰਘ ਬਰਾੜ, ਸਰਦਾਰਾ ਸਿੰਘ ਜੌਹਲ, ਪ੍ਰਿੰਸੀਪਲ ਗੁਰਜੰਟ ਸਿੰਘ ਨੇ ਕਾਲਜ਼ ਦੇ ਵਿਦਿਆਰਥੀਆਂ ਵਲੋਂ ਪੜ੍ਹਾਈ ਦੇ ਨਾਲ-ਨਾਲ ਹੋਰ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ 176 ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਮੇਲੇ ਦਾ ਵਿਸ਼ੇਸ਼ ਅਕਰਸ਼ਣ ਵੱਖ-ਵੱਖ ਤਰ੍ਹਾਂ ਦੇ ਬੁੱਕ ਸਟਾਲ, ਵਿਰਾਸਤੀ ਵਸਤਾਂ ਤੇ ਖਾਣ-ਪੀਣ ਦੇ ਸਟਾਲ ਰਹੇ। ਮੇਲੇ ਦੌਰਾਨ ਸਰਬਜੀਤ ਸਿੰਘ ਬਾਹੀਆ ਡੀ ਐਸ ਪੀ ਬੰਗਾ, ਕਾਲਜ਼ ਦੇ ਵਿਦਿਆਰਥੀ ਮੁਖਤਿਆਰ ਸਿੰਘ ਰਾਏ ਡੀ ਐਸ ਪੀ ਅੰਮ੍ਰਿਤਸਰ ਤੇ ਸ਼ਰਨਜੀਤ ਸਿੰਘ ਰਜਿਸਟਰਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰਸੀਪਲ ਗੁਰੰਜਟ ਸਿੰਘ ਆਏ ਮਹਿਮਨਾਂ ਤੇ ਸਹਿਯੋਗੀਆਂ ਨੂੰ ਜੀ ਆਇਆਂ ਆਖਿਆ ਕਿਹਾ ਤੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ 'ਮੈਗਜੀਨ ਅਮਰਦੀਪ' ਵੀ ਰਿਲੀਜ ਕੀਤਾ। ਇਸ ਮੌਕੇ ਸੁਖਦੀਪ ਸਿੰਘ ਸ਼ੁਕਾਰ, ਪ੍ਰਗਟ ਸਿੰਘ ਮੰਡੇਰ, ਜਰਨੈਲ ਸਿੰਘ ਪੁਰੋਜਪੁਰ, ਲਾਜਵੰਤ ਪਰਾਸ਼ਰ ਕਨੇਡਾ, ਕਰਮਜੀਤ ਪਰਾਸ਼ਰ, ਦੇਵਕੀ ਨੰਦਨ ਕਿੰਗ, ਰਾਜਵਿੰਦਰ ਕੌਰ ਬੈਂਸ, ਮੈਡਮ ਨਿਰਦੋਸ਼, ਸੁਰਜੀਤ ਕੁਮਾਰ ਐਸ ਐਚ ਓ, ਰਮਨ ਕੁਮਾਰ, ਦਵਿੰਦਰ ਸਿੰਘ, ਸੁਖਵੀਰ ਸਿੰਘ ਸਰਪੰਚ ਅਤੇ ਹੋਰ ਇਲਾਕੇ ਭਰ ਤੋਂ ਪਤਵੰਤੇ ਹਾਜ਼ਰ ਹੋਏ।

# 'ਕਾਮਾਗਾਟਾਮਾਰੂ ਸ਼ਤਾਬਦੀ ਨੂੰ ਸਮਰਪਿਤ ਮੇਲੇ ਦੀ ਕਾਰਗੁਜ਼ਾਰੀ ਪ੍ਰਤੀ ਕਮੇਟੀ ਦੀ ਵਿਸ਼ੇਸ਼ ਮੀਟਿੰਗ ਹੋਈ

**ਸੈਕਰਾਮੈਂਟੋ–** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ (ਸੈਕਰਾਮੈਂਟੋ) ਵੱਲੋਂ 'ਕਾਮਾਗਾਟਾਮਾਰੂ ਸ਼ਤਾਬਦੀ' ਨੂੰ ਸਮਰਪਿਤ ਮੇਲੇ ਦੀ ਕਾਰਗੁਜ਼ਾਰੀ ਪ੍ਰਤੀ ਕਮੇਟੀ ਦੀ ਵਿਸ਼ੇਸ਼ ਮੀਟਿੰਗ ਬੀਤੇ ਦਿਨੀਂ ਆਯੋਜਿਤ ਕੀਤੀ ਗਈ, ਜਿਸ ਮੌਕੇ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਸਤਬੀਰ ਸਿੰਘ ਬਾਜਵਾ, ਜਰਨੈਲ ਸਿੰਘ ਮੰਡੇਰ, ਜਗਜੀਤ ਸਿੰਘ ਕੰਦੋਲਾ, ਯਾਦਵਿੰਦਰ ਸਿੰਘ ਹੈਪੀ, ਰਵਿੰਦਰ ਸਿੰਘ ਰਵੀ, ਹਸਪਾਲ ਸਿੰਘ ਖਜ਼ਾਨਚੀ ਆਦਿ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦੀ ਸੁਰਜੀਤ ਸਿੰਘ ਅਟਵਾਲ ਪ੍ਰਧਾਨਗੀ ਨੇ ਪ੍ਰਧਾਨਗੀ ਕੀਤੀ। 21 ਦਸੰਬਰ ਨੂੰ ਸੈਕਰਾਮੈਂਟੋ ਵਿਚ ਆਯੋਜਿਤ ਇਸ ਮੀਟਿੰਗ ਦਰਮਿਆਨ ਖਜਾਨਚੀ ਵੱਲੋਂ ਮੇਲੇ ਦੌਰਾਨ ਹਰ ਕਿਸਮ ਦੇ ਖਰਚੇ ਦਾ ਪਾਈ-ਪਾਈ ਹਿਸਾਬ ਦਿੱਤਾ ਗਿਆ, ਜਿਸ ਤੋਂ ਸਾਰੇ ਬੋਰਡ ਨੇ ਖੁਸ਼ੀ ਅਤੇ ਸੰਤੁਸ਼ਟੀ ਪ੍ਰਗਟ ਕੀਤੀ। ਇਸ ਮੀਟਿੰਗ ਦਰਮਿਆਨ ਮੇਲੇ ਵਿਚ ਰਹਿ ਗਈਆਂ ਕੁਝ ਘਾਟਾਂ ਨੂੰ ਅੱਗੇ ਤੋਂ ਸੁਧਾਰ ਕਰਕੇ ਪੂਰੀਆਂ ਕਰਨ ਦੀ ਵਚਨਬੱਧਤਾ ਦੁਹਰਾਈ ਗਈ। ਮੀਟਿੰਗ ਦਰਮਿਆਨ ਅਗਲੇਰੇ ਪ੍ਰੋਗਰਾਮਾਂ ਨੂੰ ਹੋਰ ਬਿਹਤਰੀਨ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਅਗਲੇ ਮੇਲੇ ਨਾਲ ਸਬੰਧਤ ਤਿਆਰੀਆਂ ਹੁਣੇ ਤੋਂ ਹੀ ਆਰੰਭ ਕਰਨ ਦਾ ਅਹਿਦ ਲਿਆ। ਇਸ ਮੀਟਿੰਗ ਦਰਮਿਆਨ ਸਾਰੇ ਸਪਾਂਸਰਾਂ, ਸਪੋਰਟਸ ਦੇ ਸੰਪੂਰਨ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤੀ ਅਤੇ ਮੀਡੀਆ ਵੱਲੋਂ ਮੇਲੇ ਦੀ ਕੀਤੀ ਗਈ ਕਵਰੇਜ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੇਲੇ ਦੀ ਕਾਮਯਾਬੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਸੱਜਣਾਂ ਨੇ ਫੋਨ ਕਰਕੇ ਪ੍ਰਬੰਧਕਾਂ ਨੂੰ ਹੱਲਾਸ਼ੇਰੀ ਦਿੱਤੀ ਅਤੇ ਉਹਨਾਂ ਦੇ ਕੰਮਾਂ ਦੀ ਸ਼ਲਾਘਾ ਕੀਤੀ। ਮੀਟਿੰਗ ਵਿਚ ਹੋਰ ਹਾਜ਼ਰ ਹੋਣ ਵਾਲਿਆਂ ਵਿਚ ਸਤਿੰਦਰਪਾਲ ਸਿੰਘ ਸਰਹੱਦੀ, ਬਲਦੇਵ ਸਿੰਘ ਬੋਲੀਨਾ ਤੇ ਚਰਨ ਸਿੰਘ ਜੱਜ ਆਦਿ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਹ ਜਾਣਕਾਰੀ ਚੇਅਰਮੈਨ ਕੁਲਦੀਪ ਸਿੰਘ ਅਟਵਾਲ ਨੇ 'ਦੇਸ਼ ਦੁਆਬਾ' ਨੂੰ ਮੁਹੱਈਆ ਕਰਵਾਈ।

# ਬੇਗਮਪੁਰਾ ਕਲਚੁਰਲ ਸੋਸਾਇਟੀ ਨੂੰ ਬਲਵਿੰਦਰ ਭੌਰਾ ਵਲੋਂ ਦਿੱਤੇ ਅਸਤੀਫੇ ਪ੍ਰਤੀ ਵਿਸਥਾਰ



**ਨਿਊਯਾਰਕ:** ਬੀਤੇ ਦਿਨੀ ਬੇਗਮਪੁਰਾ ਕਲਚਰੁਲ ਸੋਸਾਇਟੀ ਆਫ ਨਿਊਯਾਰਕ ਦੀ ਇੱਕ ਹੰਗਾਮੀ ਬੈਠਕ ਮੌਕੇ ਸੰਸਥਾ ਦੀ ਜਨਰਲ ਸਕੱਤਰ ਵਜੋ ਸੇਵਾ ਨਿਭਾ ਰਹੇ ਲੇਖਕ ਬਲਵਿੰਦਰ ਭੌਰਾ ਨੇ ਜਦੋ ਆਪਣੇ ਅਸਤੀਫੇ ਬਾਰੇ ਵਿਸਥਾਰ ਕਰਨਾ ਚਾਹਿਆ ਤਾਂ ਕੁੱਝ ਮੈਂਬਰਾਂ ਨੇ ਹੈਰਾਨੀ ਪ੍ਰਗਟ ਕੀਤੀ। ਉਹਨਾਂ ਕਿਹਾ ਕਿ ਸਾਨੂੰ ਇਸ ਫੈਸਲੇ ਬਾਰੇ ਕੋਈ ਵੀ ਗਿਆਤ ਨਹੀ ਹੈ। ਸ੍ਰੀ ਭੌਰਾ ਨੇ ਕਿਹਾ ਕਿ ਇਸ ਸੰਬੰਧੀ ਮੈਂ ਪ੍ਰਧਾਨ ਪਰਮਜੀਤ ਕਮਾਮ ਨੂੰ ਬੀਤੀ ਜਨਵਰੀ 2013 ਦੇ ਆਰੰਭ 'ਚ ਹੀ ਦੱਸ ਦਿਤਾ ਸੀ, ਪ੍ਰੈਸ ਬਿਆਨ ਰਾਹੀ ਭੌਰਾ ਨੇ ਕਿਹਾ ਕਿ ਬੇਸ਼ਕ ਸੰਸਥਾ ਦੇ ਇਸ ਅਹੁਦੇ ਦੀ ਮਿਆਦ ਦੋ ਸਾਲ ਸੀ ਪਰ ਮੈਂ ਸਮੂੰਹ ਮੈਂਬਰਾਂ ਦੇ ਕਹਿਣ ਤੇ ਤਿੰਨ ਸਾਲ ਪੂਰੇ ਕਰ ਦਿੱਤੇ ਹਨ । ਲੇਖਕ ਭੌਰਾ ਨੇ ਆਪਣੀ ਸਿਹਤਯਾਬੀ ਨਾ ਰਹਿਣ ਕਾਰਨ ਮਜ਼ਬੂਰੀ ਵਸ ਇਸ ਸੇਵਾ ਤੋਂ ਅਸਤੀਫਾ ਦਿੱਤਾ ਹੈ, ਅਤੇ ਨਾਲ ਇਹ ਵੀ ਕਿਹਾ ਹੈ ਕਿ ਮੈਂ ਆਪਣੀ ਯੋਗਤਾ ਅਨੁਸਾਰ ਸਮਾਜ ਦੇ ਹਿੱਤਾ ਪ੍ਰਤੀ ਹਮੇਸ਼ਾਂ ਯਤਨਸ਼ੀਲ ਰਹਾਂਗਾ। ਅੰਤ 'ਚ ਭੋਰਾ ਨੇ ਕਿਹਾ ਕਿ ਹੋ ਸਕਦਾ ਹੈ ਕਿ ਮੇਰੀ ਇਸ ਕਾਰੁਜ਼ਗਾਰੀ ਦੌਰਾਨ ਮੇਰੀ ਵਲੋਂ ਕਿਸੇ ਪ੍ਰਤੀ ਬੇਬਾਕੀ ਵਿੱਚ ਸਤਿਕਾਰ ਰਹਿਤ ਸ਼ਬਦਾਂ ਦੀ ਅਣਜਾਣੇ 'ਚ ਵਰਤੋ ਹੋ ਗਈ ਹੋਵੇ ਜਾਂ ਮੇਰੇ ਵਿਚਾਰਾਂ ਕਾਰਨ ਕਿਸੇ ਵੀ ਮੈਂਬਰ ਨੂੰ ਦਿਲੀ ਠੇਸ ਪਹੁੰਚੀ ਹੋਵੇ, ਇਸ ਲਈ ਮੈਂ ਮੁਆਫੀ ਦਾ ਹੱਕਦਾਰ ਹਾਂ।

HAPPY TRAVELS AGENCY

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
Harjit (Happy) Agency Owner HappyTravels Agency
1743 GRAND CANAL BLVD 12 STOCKTON, CA 95207

MAHEY
ARCHITECT DESIGNER

Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com

Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014

Rakesh Chander Realtor
Cell: (916) 698-3808
Fax: (916) 725-5812
Mikasa Homes & Funding DRE Lic.: 01866732
Email: mchander@comcast.net, Web: www.mikasafunding.com

# 2015 ਮੁਬਾਰਕ

ਸਾਲ 2015 ਸਾਡੀਆਂ ਬਰੂਹਾਂ ਤੇ ਦਸਤਕ ਦੇ ਚੁੱਕਾ ਹੈ। ਨਵਾਂ ਸਾਲ ਸਾਰਿਆਂ ਲਈ ਸ਼ੁਭ ਹੋਵੇ ਅਤੇ ਮਨੁੱਖਤਾ ਦੀ ਭਲਾਈ ਹੋਵੇ, ਅਸੀਂ ਇਹ ਦੁਆ ਕਰਦੇ ਹਾਂ। ਬੀਤਿਆ ਸਾਲ ਸਾਡੇ ਲਈ ਜਿਸ ਤਰ੍ਹਾਂ ਦੇ ਮਿੱਠੇ ਅਤੇ ਕੌੜੇ ਤਜਰਬੇ ਅਤੇ ਤਕਲੀਫਾਂ ਛੱਡ ਗਿਆ, ਅਜਿਹੀਆਂ ਤਕਲੀਫਾਂ ਮਨੁੱਖਤਾ ਨੂੰ ਨਵੇਂ ਸਾਲ ਵਿਚ ਨਾ ਸਹਿਣ ਕਰਨੀਆਂ ਪੈਣ, ਇਹੀ ਹਰ ਇਨਸਾਨ ਨਵੇਂ ਸਾਲ ਵਿਚ ਸੁਪਨਾ ਲੈ ਕੇ ਅੱਗੇ ਵਧਦਾ ਹੈ।

'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ 15 ਸਾਲਾਂ ਬਾਅਦ ਇਸ ਸਾਲ ਪੰਜਾਬ ਆਏ। ਇੱਥੇ ਉਹਨਾਂ ਦੇ ਨਾਲ ਕਈ ਅਹਿਮ ਸ਼ਖਸੀਅਤਾਂ ਨੂੰ ਮਿਲਣ ਅਤੇ ਵਿਚਾਰ-ਵਟਾਂਦਰੇ ਦਾ ਸਮਾਂ ਮਿਲਿਆ। ਸਾਡੇ ਲਈ ਇਸ ਸਾਲ ਦੇ ਇਹ ਪਲ ਵੀ ਯਾਦਗਾਰੀ ਰਹਿਣਗੇ।

ਭਾਰਤ ਨੇ ਮੰਗਲ ਗ੍ਰਹਿ ਦੇ ਪੰਧ ਦੁਆਲੇ ਪਹਿਲੀ ਹੀ ਕੋਸ਼ਿਸ਼ ਵਿਚ ਉਪਗ੍ਰਹਿ ਸਥਾਪਤ ਕਰਕੇ ਪੁਲਾੜ ਖੇਤਰ ਵਿਚ ਇਕ ਵੱਡੀ ਕਾਮਯਾਬੀ ਹਾਸਲ ਕੀਤੀ, ਜਿਸ ਕਾਰਨ ਸਾਰੀ ਦੁਨੀਆਂ ਦਾ ਧਿਆਨ ਭਾਰਤ ਵੱਲ ਖਿੱਚਿਆ ਗਿਆ।



ਭਾਰਤ ਲਈ 2014 ਪੁਲਾੜ ਦੀ ਇਸ ਕਾਮਯਾਬੀ ਪੱਖੋਂ ਬਹੁਤ ਸਫਲ ਰਿਹਾ। ਆਸ ਕਰਦੇ ਹਾਂ ਕਿ ਭਾਰਤ ਸਮਾਜ ਵਿਚ ਫੈਲੀ ਜਾਤ-ਪਾਤ ਅਤੇ ਛੂਤ-ਛਾਤ ਵਰਗੀ ਸਦੀਆਂ ਪੁਰਾਣੀ ਭੈੜੀ ਵਿਵਸਥਾ ਦਾ ਖਾਤਮਾ ਕਰਨ ਲਈ ਵੀ ਹੁਣ ਕਦਮ ਚੁੱਕੇਗਾ। ਸ੍ਰੀ ਨਰਿੰਦਰ ਮੋਦੀ ਸਰਕਾਰ ਨੇ ਜਿਸ ਤਰ੍ਹਾਂ ਭਾਰਤ ਵਿਚ ਸਫਾਈ ਮੁਹਿੰਮ ਚਲਾਈ, ਅਜਿਹੀ ਹੀ ਮੁਹਿੰਮ ਸਰਕਾਰੀ ਤੌਰ ਤੇ ਜਾਤ-ਪਾਤ ਵਰਗੀਆਂ ਬੁਰਾਈਆਂ ਖਤਮ ਕਰਨ ਲਈ ਵੀ ਚਲਾਉਣ ਦੀ ਲੋੜ ਹੈ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਭਾਰਤ ਇਕ ਸ਼ਕਤੀਸ਼ਾਲੀ ਸਮਾਜਿਕ ਵਿਵਸਥਾ ਵਾਲੇ ਮੁਲਕ ਵਜੋਂ ਵੀ ਵਿਸ਼ਵ ਵਿਚ ਤੇਜ਼ੀ ਨਾਲ ਉਭਰੇਗਾ ਅਤੇ ਭਾਰਤ ਨੂੰ ਫਿਰ ਦੂਜੇ ਗ੍ਰਹਿਆਂ ਅਤੇ ਪੁਲਾੜ ਵੱਲ ਵੇਖਣ ਦੀ ਲੋੜ ਨਹੀਂ ਰਹਿਣੀ, ਭਾਰਤੀ ਸਮਾਜ ਹੀ ਇੰਨਾ ਮਜ਼ਬੂਤ ਹੋ ਜਾਵੇਗਾ ਕਿ ਇਹ ਭਾਰਤ ਦੀ ਸਭ ਤੋਂ ਵੱਡੀ ਤਾਕਤ ਬਣ ਜਾਵੇਗਾ।

ਸਾਲ 2014 ਜਾਂਦਾ- ਜਾਂਦਾ ਕਈ ਤਕਲੀਫਾਂ ਦੇ ਗਿਆ। ਕੌਮਾਂਤਰੀ ਪੱਧਰ ਤੇ ਇਹ ਸਾਲ ਕਾਫੀ ਉਥਲ-ਪੁਥਲ ਭਰਿਆ ਰਿਹਾ। ਇਸ ਸਾਲ ਦੁਨੀਆਂ ਦੇ ਕਈ ਭਾਗਾਂ ਵਿਚ ਹਿੰਸਾ ਹੋਈ। ਪਾਕਿਸਤਾਨ ਵਿਚ ਅੱਤਵਾਦੀਆਂ ਨੇ ਪਿਸ਼ਾਵਰ ਵਿਚ ਹਮਲਾ ਕਰਕੇ ਮਾਸੂਮ ਬੱਚਿਆਂ ਦਾ ਕਤਲੇਆਮ ਮਚਾ ਦਿੱਤਾ। ਮੱਧ ਪੂਰਬ ਵਿਚ ਹਿੰਸਾ ਦੀ ਲਪੇਟ ਵਿਚ ਹਜ਼ਾਰਾਂ ਲੋਕੀ ਆ ਗਏ। ਇਰਾਕ ਅਤੇ ਸੀਰੀਆ ਵਿਚ ਹਾਲਾਤ ਬਹੁਤ ਤਰਸਯੋਗ ਹਨ, ਜਿੱਥੇ ਹਰ ਰੋਜ਼ ਸੈਂਕੜੇ ਤੋਂ ਜ਼ਿਆਦਾ ਲੋਕੀ ਮਾਰੇ ਜਾ ਰਹੇ ਹਨ, ਹਜ਼ਾਰਾਂ ਲੜਕੀਆਂ ਅਤੇ ਔਰਤਾਂ ਦੀਆਂ ਇੱਜਤਾਂ ਲੁੱਟੀਆਂ ਜਾ ਰਹੀਆਂ ਹਨ ਅਤੇ ਉਹਨਾਂ ਨੂੰ ਪਸ਼ੂਆਂ ਵਾਂਗ ਵੇਚਿਆ ਜਾ ਰਿਹਾ ਹੈ। ਅਮਰੀਕਾ ਵਿਚ ਅੱਤਵਾਦੀ ਹਮਲਿਆ ਦਾ ਖਤਰਾ ਲਗਾਤਾਰ ਬਣਿਆ ਰਿਹਾ। ਯੂਰਪ ਵਿਚ ਵੀ ਇਹੀ ਸਥਿਤੀ ਹੈ। ਇੱਧਰ ਅਫਗਾਨਿਸਤਾਨ ਵਿਚ ਤਾਲਿਬਾਨੀ ਅੱਤਵਾਦੀਆਂ ਦੀ ਤਾਕਤ ਹਾਲੇ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ। ਬੀਤੇ ਸਾਲ ਵਿਚ ਅਰਥਚਾਰੇ ਦੀ ਹਾਲਤ ਵੀ ਕਈ ਮੁਲਕਾਂ ਵਿਚ ਡਾਵਾਂਡੋਲ ਰਹੀ ਹੈ। ਭਾਰਤ ਨੇ ਇਸ ਸਾਲ ਰਾਜਨੀਤਿਕ ਤਬਦੀਲੀ ਦੇਖੀ ਅਤੇ ਕੇਂਦਰ ਵਿਚ ਮੋਦੀ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਕੌਮਾਂਤਰੀ ਪੱਧਰ ਤੇ ਭਾਰਤ ਦਾ ਵਕਾਰ ਤੇਜ਼ੀ ਨਾਲ ਵਧਿਆ ਹੈ। ਦੁਨੀਆਂ ਭਰ ਵਿਚ ਵੱਧ ਰਹੀ ਹਿੰਸਾ ਅਤੇ ਅੱਤਵਾਦ ਦੇ ਖਤਰਿਆਂ ਦੇ ਕਾਰਨ ਖੌਫ ਦਾ ਮਾਹੌਲ ਸਾਰਾ ਸਾਲ 2014 ਵਿਚ ਬਣਿਆ ਰਿਹਾ ਹੈ ਅਤੇ ਇਹ ਦਹਿਸ਼ਤ ਵਾਲਾ ਮਾਹੌਲ ਇਸ ਸਾਲ ਵੀ ਦੁਨੀਆਂ ਨੂੰ ਭੁਗਤਣਾ ਪੈ ਸਕਦਾ ਹੈ ਕਿਉਂਕਿ ਸ਼ਾਂਤੀ ਦੀ ਹਾਲੇ ਕੋਈ ਕਿਰਨ ਨਜਰ ਨਹੀਂ ਆ ਰਹੀ ਹੈ। ਇਸ ਦੇ ਬਾਵਜੂਦ ਵੀ ਇਕ ਆਸ਼ਾਵਾਦੀ ਮਨੁੱਖ ਇਹੀ ਕਲਪਨਾ ਕਰਦਾ ਹੈ ਕਿ ਉਸ ਦੇ ਬੀਤੇ ਦੇ ਕੌੜੀ ਤਜਰਬੇ ਅਗਲੇਰੇ ਸਮੇਂ ਵਿਚ ਨਾ ਦੁਹਰਾਏ ਜਾਣ। ਇਹੀ ਕਾਮਨਾ ਅਸੀਂ ਕਰਦੇ ਹਾਂ ਕਿ ਆਉਣ ਵਾਲਾ ਸਮਾਂ ਮਨੁੱਖਤਾ ਦੇ ਲਈ ਸ਼ਾਂਤੀ, ਖੁਸ਼ੀਆਂ ਅਤੇ ਪਿਆਰ ਭਰਿਆ ਹੋਵੇ ਅਤੇ ਦੁਨੀਆਂ ਦਾ ਹਰ ਪ੍ਰਾਣੀ ਸ਼ਾਂਤੀ ਅਤੇ ਸਹਿਹੋਂਦ ਨਾਲ ਜੀਵਨ ਬਤੀਤ ਕਰੇ। ਹਰ ਨਾਗਰਿਕ ਲਈ ਰੋਟੀ, ਰੋਜ਼ੀ, ਕੱਪੜਾ ਅਤੇ ਮਕਾਨ ਤੋਂ ਇਲਾਵਾ ਵਿਦਿਅਕ ਅਤੇ ਸਿਹਤ ਸੇਵਾਵਾਂ ਅਤੇ ਸਮਾਜਿਕ ਕਲਿਆਣ ਵੱਲ ਸਰਕਾਰ ਧਿਆਨ ਦੇਵੇ, ਜਿਹੜਾ ਕਿ ਸਹੀ ਲੋਕਤੰਤਰ ਦੀ ਪਛਾਣ ਹੋਇਆ ਕਰਦਾ ਹੈ। ਗਰੀਬ ਵਰਗ ਦੀ ਜਾਨ-ਮਾਲ ਅਤੇ ਇੱਜਤ ਦਾ ਵਿਸ਼ੇਸ਼ ਧਿਆਨ ਰੱਖੇ। ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪ ਸਭ ਨੂੰ ਨਵੇਂ ਸਾਲ ਦੀ ਹਾਰਦਿਕ ਵਧਾਈ



**- ਤਰਸੇਮ ਜਲੰਧਰੀ**

# ਡਾ.ਭੀਮ ਰਾਓ ਅੰਬੇਡਕਰ: ਇਕ ਪਾਸੇ ਇਕੱਲਾ ਸ਼ੇਰ, ਦੂਜੇ ਪਾਸੇ ਸਾਰਾ ਜੱਗ

ਔਖੇ ਸਮੇਂ ਤੋਂ ਨਿਕਲ ਕੇ ਆਪਣਾ ਜੀਵਨ ਸੰਵਾਰਨਾ ਤਾਂ ਹਰ ਕੋਈ ਚਾਹੁੰਦਾ ਹੈ, ਆਪਣੀ ਖੁਸ਼ੀਆਂ ਅਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਵੀ ਹਰ ਕੋਈ ਲੜ ਲੈਂਦਾ ਹੈ ਪਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਜੋ ਸੰਘਰਸ਼ ਕੀਤਾ ਉਹ ਸਿਰਫ ਉਨ੍ਹਾਂ ਦੇ ਲਈ ਨਹੀਂ ਸੀ। ਉਨ੍ਹਾਂ ਨੇ ਉਨ੍ਹਾਂ ਲੱਖਾਂ ਲੋਕਾਂ ਨੂੰ ਉਨ੍ਹਾਂ ਦਾ ਅਧਿਕਾਰ ਦਿਵਾਇਆ, ਜਿਨ੍ਹਾਂ ਨੂੰ ਧਰਮ ਦੇ ਆਧਾਰ 'ਤੇ ਸਮਾਜ ਤੋਂ ਵੱਖ ਕੀਤਾ ਗਿਆ ਸੀ। ਧਰਮ ਦੇ ਨਾਂ 'ਤੇ ਹੋ ਰਹੇ ਭੇਦਭਾਵ ਰੂਪੀ ਜੰਗਲਾਂ ਵਿਚ ਸ਼ੇਰ ਬਣ ਕੇ ਦਹਾੜੇ ਸਨ ਬਾਬਾ ਸਾਹਿਬ।

14 ਅਪ੍ਰੈਲ , 1891 ਨੂੰ ਮੱਧ ਪ੍ਰਦੇਸ਼ ਦੇ ਇਕ ਗਰੀਬ ਅਤੇ ਦਲਿਤ ਪਰਿਵਾਰ ਵਿਚ ਜਨਮੇ ਭੇਦਭਾਵ ਰੂਪੀ ਜੰਗਲਾਂ ਵਿਚ ਸ਼ੇਰ ਬਣ ਕੇ ਦਹਾੜੇ ਅਤੇ ਆਪਣੇ ਗਿਆਨ ਅਤੇ ਕਲਮ ਦੀ ਤਾਕਤ ਨਾਲ ਉਨ੍ਹਾਂ ਨੇ ਭੇਦਭਾਵ ਦੀਆਂ ਸਾਰੀਆਂ ਜੰਜ਼ੀਰਾਂ ਨੂੰ ਕੱਟ ਦਿੱਤਾ। ਅੱਜ (6 ਦਸੰਬਰ, 1956) ਦੇ ਦਿਨ ਹੀ ਬਾਬਾ ਸਾਹਿਬ ਅੰਬੇਡਕਰ ਇਸ ਦੁਨੀਆ ਨੂੰ ਤਿਆਗ ਗਏ ਸਨ ਤੇ ਦਲਿਤਾਂ ਦੇ ਲਤਾੜਿਆਂ ਲਈ ਸਦਾ ਲਈ ਅਮਰ ਹੋ ਗਏ ਸਨ।

ਅੰਬੇਡਕਰ ਰਾਜਨੇਤਾ, ਦਾਰਸ਼ਨਿਕ, ਇਤਿਹਾਸਕਾਰ ਅਤੇ ਅਰਥ ਸ਼ਾਸ਼ਤਰੀ ਹੋਏ। ਉਹ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਸਨ ਅਤੇ ਸੰਵਿਧਾਨ ਦੀ ਰਚਨਾ ਕਰਨ ਕਰਕੇ ਉਨ੍ਹਾਂ ਸਮਾਜ ਦੇ ਪਿਛੜੇ ਅਤੇ ਗਰੀਬ ਵਰਗ ਦੇ ਲੋਕਾਂ ਨੂੰ ਵੀ ਉਨ੍ਹਾਂ ਦੇ ਜਿਊਣ ਦਾ ਅਧਿਕਾਰ ਦਿਵਾਇਆ। ਉਨ੍ਹਾਂ ਦੇ ਪਿਤਾ ਜੀ ਦੀ ਨਾਂ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਜੀ ਦਾ ਨਾਂ ਭੀਮਾਬਾਈ ਸੀ। ਅੰਬੇਡਕਰ ਆਪਣੇ ਮਾਤਾ-ਪਿਤਾ ਦੀ 14ਵੀਂ ਐਤ ਆਖਰੀ ਸੰਤਾਨ ਸਨ। ਗਰੀਬੀ ਦੇ ਨਾਲ ਲੜ ਕੇ ਪੜ੍ਹਾਈ ਕਰਨਾ ਹੀ ਭੀਮਰਾਓ ਦੇ ਹਿੱਸੇ ਨਹੀਂ ਸੀ ਆਇਆ, ਸਕੂਲ ਤੋਂ ਲੈ ਕੇ ਕਾਲਜ ਅਤੇ ਫਿਰ ਨੌਕਰੀ ਤੱਕ ਉਨ੍ਹਾਂ ਨੂੰ ਹਰ ਥਾਂ ਹੇਠਲੀ ਜਾਤੀ ਵਿਚ ਪੈਦਾ ਹੋਣ ਕਾਰਨ ਅਪਮਾਨ ਅਤੇ ਭੇਦਭਾਵ ਦਾ ਸਾਹਮਣਾ ਕਰਨਾ ਪਿਆ। ਪਰ ਭੀਮ ਰਾਓ ਨੇ ਕਦੇ ਵੀ ਹੌਸਲਾ ਨਹੀਂ ਛੱਡਿਆ ਅਤੇ ਗਿਆਨ ਪ੍ਰਾਪਤ ਕਰਕੇ ਇਸ ਦੀ ਰੌਸ਼ਨੀ ਨਾਲ ਸਾਰਾ ਜੱਗ ਰੁਸ਼ਨਾ ਦਿੱਤਾ। ਸਕੂਲ ਵਿਚ ਉਹ ਕੋਈ ਦੈਵੀ ਅਵਤਾਰ ਨਹੀਂ ਸੀ। ਉਹ ਸਾਧਾਰਨ ਮਨੁੱਖ ਸਨ, ਜਿਨ੍ਹਾਂ ਨੇ ਕਲਮ ਨੂੰ ਹਥਿਆਰ ਬਣਾਇਆ ਅਤੇ ਗਰੀਬਾਂ, ਪਛੜਿਆਂ, ਮਜ਼ਲੂਮ ਲੋਕਾਂ ਅਤੇ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਸੰਵਿਧਾਨ ਦਾ ਨਿਰਮਾਣ ਕੀਤਾ। ਜਿਸ ਭੀਮ ਰਾਓ ਨੂੰ ਬਚਪਨ ਵਿਚ ਧਾਰਮਿਕ ਅਤੇ



ਸਮਾਜਕ ਭੇਦਭਾਵ ਦੇ ਕਾਰਨ ਕਲਾਸ ਵਿਚ ਵੱਖਰਾ ਬਿਠਾਇਆ ਜਾਂਦਾ ਸੀ, ਜਿਸ ਨੂੰ ਸਕੂਲ ਦੇ ਘੜੇ ਨੂੰ ਹੱਥ ਤੱਕ ਨਹੀਂ ਲਾਉਣ ਦਿੱਤਾ ਜਾਂਦਾ ਸੀ, ਨੌਕਰੀ ਪ੍ਰਾਪਤ ਕਰਨ ਤੋਂ ਬਾਅਦ ਵੀ ਜਿਸ ਭੀਮ ਨੂੰ ਉਸ ਦੇ ਚਪੜਾਸੀ ਨੇ ਭੇਦਭਾਵ ਕਾਰਨ ਦੁਰਕਾਰਿਆ, ਉਹ ਭੀਮ ਪੂਰੇ ਦੇਸ਼ ਨੂੰ ਸਦਾ ਲਈ ਇਕ ਕਰ ਗਿਆ। ਸੰਵਿਧਾਨ ਦੇ ਰੂਪ ਵਿਚ ਭੀਮ ਨੇ ਭਾਰਤ ਲਈ ਜੋ ਕੀਤਾ ਉਸ ਕਾਰਨ ਉਹ ਜੁਝਾਰੂ ਜੋਧਾ ਹੋ ਨਿਬੜਿਆ। ਸੰਵਿਧਾਨ ਵਿਚ ਉਨ੍ਹਾਂ ਨੇ ਬਾਰੀਕੀ ਨਾਲ ਹਰ ਗੱਲ ਦੀ ਚਰਚਾ ਕੀਤੀ। ਹਰ ਇਕ ਵਿਅਕਤੀ ਦੇ ਜੀਵਨ ਦੀ, ਅਧਿਕਾਰਾਂ ਦੀ ਗੱਲ ਕੀਤੀ, ਹਰ ਜ਼ੁਰਮ ਦੀ ਸਜ਼ਾ ਦੀ ਵਿਵਸਥਾ ਕੀਤੀ। ਇਹ ਭੀਮ ਦਾ ਲਿਖਿਆ ਸੰਵਿਧਾਨ ਹੀ ਹੈ, ਜਿਸ ਕਾਰਨ ਸਾਡਾ ਦੇਸ਼ ਅੱਜ ਦੁਨੀਆ ਵਿਚ ਸਭ ਤੋਂ ਵੱਡੀ ਲੋਕਤੰਤਰੀ ਸ਼ਕਤੀ ਦੇ ਰੂਪ ਵਿਚ ਜਾਣਿਆ ਜਾਂਦਾ ਹੈ।

ਹਾਈ ਸਕੂਲ ਦੀ ਪੜ੍ਹਾਈ ਤੋਂ ਬਾਅਦ ਭੀਮ ਨੇ 1907 ਵਿਚ ਬੰਬਈ ਯੂਨੀਵਰਸਿਟੀ ਵਿਚ ਦਾਖਲਾ ਲਿਆ ਅਤੇ ਇਸ ਦੇ ਨਾਲ ਹੀ ਉਹ ਸ਼ੂਦਰਾਂ 'ਚੋਂ ਭਾਰਤ ਵਿਚ ਕਾਲਜ ਵਿਚ ਦਾਖਲਾ ਲੈਣ ਵਾਲੇ ਪਹਿਲੇ ਸ਼ੂਦਰ ਵਿਅਕਤੀ ਬਣ ਗਏ। ਭੀਮ ਦੀ ਇਸ ਸਫਲਤਾ ਨੇ ਸਮਾਜ ਦੇ ਸਾਹਮਣੇ ਇਕ ਆਦਰਸ਼ ਪੇਸ਼ ਕੀਤਾ। 1922 ਵਿਚ ਉਨ੍ਹਾਂ ਨੇ ਪਾਲਿਟੀਕਲ ਸਾਇੰਸ ਅਤੇ ਅਰਥ ਸ਼ਾਸ਼ਤਰ ਵਿਚ ਡਿਗਰੀ ਪ੍ਰਾਪਤ ਕੀਤੀ ਅਤੇ ਬੜੋਦਾ ਸਰਕਾਰ ਦੀ ਨੌਕਰੀ ਲਈ ਤਿਆਰ ਹੋ ਗਏ। ਪਰ ਉਥੇ ਫੌਜ ਦੇ ਸਕੱਤਰ ਦੇ ਰੂਪ ਵਿਚ ਕੰਮ ਕਰਦੇ ਹੋਏ ਉਨ੍ਹਾਂ ਦੇ ਚਪੜਾਸੀ ਨੇ ਹੀ ਉਨ੍ਹਾਂ ਨਾਲ ਭੇਦਭਾਵ ਕੀਤਾ, ਜਿਸ ਤੋਂ ਉਹ ਉਦਾਸ ਹੋ ਗਏ। ਉਨ੍ਹਾਂ ਨੇ ਨਿਸ਼ਚਾ ਕਰ ਲਿਆ ਕਿ ਹੁਣ ਉਹ ਕੁਝ ਅਜਿਹਾ ਕਰਨਗੇ ਤਾਂ ਜੋ ਸਾਰੇ ਦਲਿਤ ਸਮਾਜ ਦੀ ਕਿਸਮਤ ਬਦਲ ਜਾਵੇ ਅਤੇ ਉਨ੍ਹਾਂ ਨੇ ਅਜਿਹਾ ਕੀਤਾ ਵੀ।

ਭੀਮ ਦੀ ਜੀਵਨ ਅੰਗਰੇਜ਼ਾਂ ਦੇ ਸਾਹਮਣੇ ਭਾਰਤ ਸਰਕਾਰ ਦੇ ਐਕਟ 1919 ਦੀ ਚਰਚਾ ਨੇ ਬਦਲ ਕੇ ਰੱਖ ਦਿੱਤਾ। ਉਸ ਸਮੇਂ ਇਸ ਐਕਟ 'ਤੇ ਚਰਚਾ ਕਰਨ ਲਈ ਇਕ ਦਲਿਤ ਤੋਂ ਇਲਾਵਾ ਦੂਜਾ ਕੋਈ ਵਿਦਵਾਨ ਨਹੀਂ ਸੀ। ਇਸ ਚਰਚਾ ਨੇ ਉਨ੍ਹਾਂ ਨੂੰ ਸੁਰਖੀਆਂ ਵਿਚ ਲਿਆ ਕੇ ਰੱਖ ਦਿੱਤਾ।

ਆਪਣੇ ਸੁਤੰਤਰ ਵਿਚਾਰਾਂ, ਗਾਂਧੀ ਅਤੇ ਕਾਂਗਰਸ ਦੀ ਆਲੋਚਨਾ ਦੇ ਬਾਵਜੂਦ ਅੰਬੇਡਕਰ ਦਾ ਅਕਸ ਇਕ ਅਦੁੱਤੇ ਵਿਦਵਾਨ ਦਾ ਸੀ, ਜੋ ਸੁਤੰਤਰਤਾ ਨਾਲ ਆਪਣੇ ਸਮਾਜ ਦੇ ਲੋਕਾਂ ਲਈ, ਔਰਤਾਂ ਲਈ ਮਸੀਹਾਂ ਬਣ ਕੇ ਖੜ੍ਹਾ ਸੀ। ਇਹ ਹੀ ਕਾਰਨ ਸੀ ਕਿ 15 ਅਗਸਤ, 1947 ਵਿਚ ਭਾਰਤ ਦੇ ਸੁਤੰਤਰ ਹੋਣ ਤੋਂ ਬਾਅਦ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਬਣੀ ਤਾਂ ਅੰਬੇਡਕਰ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਬਣੇ। 29 ਅਗਸਤ 1947 ਨੂੰ ਅੰਬੇਡਕਰ ਨੂੰ ਸੁਤੰਤਰ ਭਾਰਤ ਦੇ ਸੰਵਧਿਨ ਦੀ ਰਚਨਾ ਦਾ ਕੰਮ ਸੌਂਪਿਆ ਗਿਆ। ਸੰਵਿਧਾਨ ਵਿਚ ਉਨ੍ਹਾਂ ਨੇ ਹਰ ਤਰ੍ਹਾਂ ਦੇ ਭੇਦਭਾਵ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਅਤੇ ਹਰ ਨਾਗਰਿਕ ਦੇ ਅਧਿਕਾਰਾਂ ਦੀ ਸੁਰੱਖਿਆ ਕੀਤੀ। ਜੂਨ 1954 ਵਿਚ ਉਹ ਗੰਭੀਰ ਰੂਪ ਨਾਲ ਬੀਮਾਰ ਰਹੇ ਅਤੇ 6 ਦਸੰਬਰ, 1956 ਨੂੰ ਉਹ ਦੇਹ ਤਿਆਗ ਗਏ ਪਰ ਉਨ੍ਹਾਂ ਦੇ ਗਿਆਨ ਨਾਲ ਪ੍ਰਕਾਸ਼ਤ ਸੰਵਿਧਾਨ ਅੱਜ ਵੀ ਨਿਆਂ ਕਰ ਰਿਹਾ ਹੈ ਅਤੇ ਭਟਕਿਆ ਨੂੰ ਰਸਤਾ ਦਿਖਾ ਰਿਹਾ ਹੈ। ਅੰਬੇਡਕਰ ਦੇਸ਼ ਦੇ ਪਹਿਲੇ ਸਭ ਤੋਂ ਵੱਡੇ ਵਿਦਵਾਨ ਹੋਏ ਹਨ।




# ਅੰਬੇਦਕਰ ਵਿਰੋਧੀ ਤੇ ਛੂਤ ਛਾਤ ਸਮਰਥਕ ਨੂੰ 'ਭਾਰਤ ਰਤਨ ਸਨਮਾਨ'

ਗੋਲਮੇਜ ਕਾਨਫਰੰਸ ਦੀ ਘੱਟ ਗਿਣਤੀ ਸਮੱਸਿਆ ਕਮੇਟੀ ਦੀ ਬੈਠਕ ਪ੍ਰਧਾਨ ਮੰਤਰੀ ਰੈਮਜੇ ਮੈਕਡੋਨਲਡ ਦੀ ਪ੍ਰਧਾਨਗੀ ਵਿਚ ਹੋ ਰਹੀ ਸੀ। ਡਾ. ਅੰਬੇਦਕਰ ਨੇ ਇਸ ਵਿਚ ਮੰਗ ਕੀਤੀ ਕਿ ਅਛੂਤਾਂ ਦੀ ਵੱਖਰੀ ਚੋਣ ਪ੍ਰਣਾਲੀ ਸਵੀਕਾਰ ਕੀਤੀ ਜਾਵੇ। ਇਸਦਾ ਭਾਵ ਸੀ ਕਿ ਮੁਸਲਮਾਨ, ਸਿੱਖ, ਐਂਗਲੋ-ਇੰਡੀਅਨ ਦੇ ਵਾਂਗ ਅਛੂਤ ਵੀ ਹਿੰਦੂ ਨਹੀਂ ਹਨ। ਮਾਲਵੀਆ ਜੀ ਨੇ ਗੁੱਸੇ ਵਿਚ ਆ ਕੇ ਕਿਹਾ ਕਿ ਡਾ. ਅੰਬੇਦਕਰ ਮੇਰਾ ਭਰਾ ਹੈ। ਅੰਬੇਦਕਰ ਨੇ ਤੁਰੰਤ ਉਠ ਕੇ ਕਿਹਾ, ਮਾਲਵੀਆ ਜੀ ਨੇ ਮੈਨੂੰ ਆਪਣਾ ਭਰਾ ਕਿਹਾ ਹੈ।

ਪਾਣੀ ਦਾ ਭਰਿਆ ਗਿਲਾਸ ਲੈ ਕੇ ਡਾ. ਅੰਬੇਦਕਰ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਸਭਾ ਵਿਚ ਰੱਖ ਕੇ ਪੁੱਛਿਆ, ਕੀ ਮਾਲਵੀਆ ਜੀ ਮੇਰੇ ਹੱਥੋਂ ਪਾਣੀ ਪੀਣ ਲਈ ਤਿਆਰ ਹਨ? ਪਰ ਜੋ ਵਿਅਕਤੀ ਆਪਣੀ ਪਤਨੀ ਦਾ ਬਣਾਇਆ ਭੋਜਨ ਨਹੀਂ ਖਾਂਦਾ, ਉਸ ਤੋਂ ਡਾ. ਅੰਬੇਦਕਰ ਦਾ ਦਿੱਤਾ ਪਾਣੀ ਪੀਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਸੀ? ਮਾਲਵੀਆ ਨੂੰ ਸਦੀਆਂ ਦਾ ਚਿੰਤਨ ਸੰਸਕਾਰ ਇਹ ਕਰਨ ਤੋਂ ਰੋਕ ਰਿਹਾ ਸੀ। ਜੇਕਰ ਉਹ ਡਾ. ਅੰਬੇਦਕਰ ਦਾ ਦਿੱਤਾ ਪਾਣੀ ਪੀ ਲੈਂਦੇ ਤਾਂ ਹਿੰਦੂ ਧਰਮ ਵਿਚ ਇਕ ਕ੍ਰਾਂਤੀ ਹੋ ਜਾਂਦੀ। ਇਹ ਤੱਥ ਭਾਰਤ ਸਰਕਾਰ ਦੇ ਪ੍ਰਸ਼ਾਸਨ ਵਿਭਾਗ ਦੁਆਰਾ ਪ੍ਰਕਾਸ਼ਿਤ ਅਤੇ ਅਵਨੀਂਦਰ ਕੁਮਾਰ ਵਿਦਿਆਲੰਕਰ ਦੁਆਰਾ ਲਿਖਤ ਪੁਸਤਕ 'ਮਦਨਨਮੋਹਨ ਮਾਲਵੀਆ' ਵਿਚ ਦਰਜ ਹੈ।

ਪੰਡਤ ਮਦਨ ਮੋਹਨ ਮਾਲਵੀਆ ਕੱਟੜ ਸਨਾਤਨੀ ਬ੍ਰਾਹਮਣ ਸਨ ਜੋ ਮੁਸਲਮਾਨਾਂ, ਇਸਾਈਆਂ ਅਤੇ ਵਿਦੇਸ਼ੀਆਂ ਨੂੰ ਅਛੂਤ ਮੰਨਦੇ ਸਨ। ਉਹ ਜਦੋਂ ਵੀ ਇੰਗਲੈਂਡ ਜਾਂਦੇ ਸਨ ਤਾਂ ਆਪਣੇ ਨਾਲ ਗੰਗਾ ਜਲ ਭਰ ਕੇ ਕਈ ਬਰਤਨ ਲਿਜਾਂਦੇ ਸਨ। ਉਥੇ ਜਦੋਂ ਵੀ ਕੋਈ ਅੰਗਰੇਜ਼ ਜਾਂ ਅਛੂਤ ਜਾਤੀ ਦਾ ਹਿੰਦੂ ਉਹਨਾਂ ਦੇ ਕਮਰੇ ਵਿਚ ਮਿਲਣ ਲਈ ਆਉਂਦਾ ਸੀ ਤਾਂ ਉਹ ਉਸ ਦੇ ਜਾਣ ਤੋਂ ਬਾਅਦ ਕਮਰੇ ਨੂੰ ਗੰਗਾ ਜਲ ਛਿੜਕ ਕੇ 'ਪਵਿੱਤਰ' ਕਰਦੇ ਸਨ। ਕੱਟੜ ਹਿੰਦੂ ਅੱਜ ਵੀ ਪੰਚਗਾਏ ਅਰਥਾਤ ਗਾਂ ਦੇ ਮੂਤ, ਗੋਬਰ, ਮੱਖਣ, ਦੁੱਧ ਅਤੇ ਘਿਓ ਦਾ ਮਿਸ਼ਰਣ ਬਣਾ ਕੇ ਮੰਦਰ ਅਤੇ ਤਲਾਬ ਦਾ ਸ਼ੁਧੀਕਰਨ ਕਰਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣ ਦੀ ਮੋਦੀ ਨੇ ਦਿੱਤੀ ਧਮਕੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਧੀ ਧਮਕੀ ਤੋਂ ਬਾਅਦ ਸੰਘ ਦੇ ਹਿੰਦੂਤਵਵਾਦੀ ਚਿਹਰੇ ਮੰਨੇ ਜਾਣ ਵਾਲੇ ਸੰਗਠਨਾਂ ਅਤੇ ਲੀਡਰਾਂ ਦੇ ਤੇਵਰ ਢਿੱਲੇ ਪੈ ਗਏ ਹਨ। ਮੋਦੀ ਨੇ ਸੰਘ ਲੀਡਰਾਂ ਨੂੰ ਸਾਫ ਕਹਿ ਦਿੱਤਾ ਹੈ ਕਿ ਜਾਂ ਤਾਂ ਉਹ ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ ਵਰਗੇ ਸੰਗਠਨਾਂ ਦੀ ਮੁਹਿੰਮ ਨੂੰ ਰੋਕਣ, ਨਹੀਂ ਤਾਂ ਆਜ਼ਾਦੀ ਨਾਲ ਉਹਨਾਂ ਨੂੰ ਕੰਮ ਨਹੀਂ ਕਰਨ ਦਿੱਤਾ ਗਿਆ ਤਾਂ ਉਹ ਆਪਣਾ ਅਹੁਦਾ ਛੱਡਣ ਵਿਚ ਦੇਰੀ ਨਹੀਂ ਲਗਾਉਣਗੇ। ਪ੍ਰਧਾਨ ਮੰਤਰੀ ਨੇ ਸੰਘ ਲੀਡਰਾਂ ਨੂੰ ਕਿਹਾ ਕਿ ਜਨਤਾ ਨੇ ਉਹਨਾਂ ਨੂੰ ਪੂਰਨ ਬਹੁਮਤ, ਸੁਸ਼ਾਸਨ, ਵਿਕਾਸ ਅਤੇ ਰਾਸ਼ਟਰ ਨਿਰਮਾਣ ਦੇ ਲਈ ਦਿੱਤਾ ਹੈ।

ਇਸ ਕਰਕੇ ਪਹਿਲਾਂ ਅਰਥ ਵਿਵਸਥਾ ਦੀ ਗੱਡੀ ਪਟੜੀ ਤੇ ਲਿਆਉਣਾ ਉਹਨਾਂ ਦੀ ਸਰਕਾਰ ਦਾ ਪਹਿਲੂ ਹੈ। ਰਾਮ ਮੰਦਰ ਅਤੇ ਦੂਜੇ ਮੁੱਦੇ ਉਸ ਤੋਂ ਬਾਅਦ ਦੇਖੇ ਜਾਣਗੇ। ਪ੍ਰਧਾਨ ਮੰਤਰੀ ਦੀ ਬੇਨਤੀ ਤੋਂ ਬਾਅਦ ਸੰਘ ਦੀ ਲੀਡਰਸ਼ਿਪ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੂੰ ਆਪਣੇ ਕਦਮ ਪਿੱਛੇ ਖਿੱਚਣ ਦੇ ਨਿਰਦੇਸ਼ ਦਿੱਤੇ।

## ਭਾਰਤ ਦੀ ਪਹਿਲੀ ਔਰਤ ਅਧਿਆਪਕ ਦੇ ਜਨਮ ਦਿਨ ਤੇ ਗੋਸ਼ਟੀ 3 ਨੂੰ

ਲਖਨਊ- ਭਾਰਤ ਦੀ ਪਹਿਲੀ ਔਰਤ ਅਧਿਆਪਕ ਸਵਿਤਰੀ ਬਾਈ ਫੂਲੇ ਦੇ ਜਨਮ ਦਿਨ ਤੇ 3 ਜਨਵਰੀ ਨੂੰ ਸਰਲ ਨਿਵਾਸ ਅਕਬਰ-ਪੁਰ ਅੰਬੇਡਕਰ ਨਗਰ ਵਿਖੇ ਇਕ ਦਿਨਾ ਗੋਸ਼ਟੀ ਆਯੋਜਿਤ ਕੀਤੀ ਜਾ ਰਹੀ ਹੈ। ਇਸ ਮੌਕੇ ਮੁੱਖ ਮਹਿਮਾਨ ਡਾ. ਸੁਰੇਸ਼ ਰਾਜਨ (ਪ੍ਰਸਿੱਧ ਦਲਿਤ ਉਦਯੋਗਪਤੀ ਲਖਨਊ) ਸ਼ਾਲ ਹੋਣਗੇ। ਇਸ ਮੌਕੇ ਅੰਬੇਦਕਰ ਨਗਰ ਇਕ-ਾਈ ਐਸ ਸੀ, ਐਸ ਟੀ ਅਧਿਕਾਰੀ/ਕਰਮਚਾਰੀ ਕਲਿਆਣ ਕਮੇਟੀ ਵੱਲੋਂ ਸਾਰੇ ਲੋਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

## ਜ਼ਿਲ੍ਹਾ ਲਾਇਬ੍ਰੇਰੀ ਨੂੰ ਜਿੰਦਾ ਲਾਏ ਜਾਣ ਤੇ ਪੰਜਾਬੀ ਸਾਹਿਤ ਸਭਾ ਵੱਲੋਂ ਅਫਸੋਸ ਅਤੇ ਗੁੱਸੇ ਦਾ ਇਜ਼ਹਾਰ





**ਹੁਸ਼ਿਆਰਪਰ (ਜਸਵੰਤ ਰਾਏ ਸਾਹਰੀ)–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ:) ਜ਼ਿਲ੍ਹਾ ਹੁਸ਼ਿਆਰਪੁਰ ਦੀ ਲਾਇਬ੍ਰੇਰੀ ਨੂੰ ਜਿੰਦਰਾ ਲਾਏ ਜਾਣ ਤੇ ਬੇਹੱਦ ਅਫਸੋਸ ਅਤੇ ਗੁੱਸੇ ਦਾ ਇਜ਼ਹਾਰ ਕਰਦੀ ਹੈ। ਇਹ ਲਾਇਬ੍ਰੇਰੀ ਕਈ ਸਾਲਾਂ ਤੋਂ ਇਸ ਲਈ ਵਿਵਾਦਾਂ ਦੇ ਘੇਰੇ ਵਿਚ ਹੈ ਕਿ ਇਸਦੀ ਦੇਖ ਰੇਖ ਲਈ ਲੋੜੀਂਦਾ ਸਟਾਫ ਨਹੀਂ ਰੱਖਿਆ ਗਿਆ। ਕਦੇ ਇਸ ਲਾਇਬ੍ਰੇਰੀ ਦੀ ਸਾਂਭ ਸੰਭਾਲ ਲਈ ਦੋ ਲਾਇਬ੍ਰੇਰੀਅਨਾਂ ਸਮੇਤ ਪੰਜ ਪੋਸਟਾਂ ਹੁੰਦੀਆਂ ਸਨ, ਜਦਕਿ ਹੁਣ ਸਿਰਫ ਇਕ ਚੌਂਕੀਦਾਰ ਦੀ ਹੀ ਪੋਸਟ ਬਾਕੀ ਰਹਿ ਗਈ ਹੈ। ਇਸ ਲਾਇਬ੍ਰੇਰੀ ਵਿਚ ਨਾ ਕੇਵਲ ਅਖਬਾਰਾਂ ਤੇ ਮੈਗਜ਼ੀਨ ਪੜ੍ਹਨ ਵਾਲੇ ਹੀ ਰੋਜ਼ਾਨਾ ਆਉਂਦੇ ਹਨ, ਸਗੋਂ ਇਸਦੀ ਮੈਂਬਰਸ਼ਿਪ ਲੈ ਕੇ ਅਨੇਕਾਂ ਖੋਜ ਵਿਦਿਆਰਥੀ ਵੀ ਇਸ ਤੋਂ ਮਦਦ ਲੈਂਦੇ ਰਹੇ ਹਨ। ਇਸ ਲਾਇਬ੍ਰੇਰੀ ਦੇ ਪੱਕੇ ਮੈਂਬਰ ਵੀ ਬਣੇ ਹੋਏ ਹਨ। ਜੋ ਲਗਾਤਾਰ ਪੁਸਤਕਾਂ ਕਢਵਾਉਂਦੇ ਰਹਿੰਦੇ ਹਨ। ਮੈਗਜ਼ੀਨਾਂ ਅਤੇ ਅਖਬਾਰਾਂ ਦੀ ਗਿਣਤੀ ਵੀ ਘੱਟ ਕੇ ਪੰਜ ਰਹਿ ਗਈ ਹੈ। ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ:) ਦੇ ਪ੍ਰਧਾਨ ਡਾ. ਕਰਮਜੀਤ ਸਿੰਘ, ਮਦਨਵੀਰਾ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਸਟਾਫ ਦੀ ਭਰਤੀ ਕੀਤੀ ਜਾਵੇ ਤਾਂ ਕਿ 50 ਹਜ਼ਾਰ ਤੋਂ ਉਪਰ ਪੁਸਤਕਾਂ ਵਾਲੀ ਇਸ ਕੀਮਤੀ ਲਾਇਬ੍ਰੇਰੀ ਨੂੰ ਖਤਮ ਹੋਣ ਤੋਂ ਬਚਾਇਆ ਜਾ ਸਕੇ।

## ਪੁਲਾੜ ਯਾਤਰੀਆਂ ਲਈ ਇਕ ਦਿਨ 'ਚ 16 ਵਾਰ ਆਇਆ ਨਵਾਂ ਸਾਲ

ਵਾਸ਼ਿੰਗਟਨ— ਕੌਮਾਂਤਰੀ ਪੁਲਾੜ ਸਟੇਸ਼ਨ (ਆਈ. ਐੱਸ. ਐੱਸ.) 'ਤੇ ਪੁਲਾੜ ਯਾਤਰੀਆਂ ਨੇ 16 ਵਾਰ ਨਵਾਂ ਸਾਲ ਮਨਾਇਆ ਕਿਉਂਕਿ ਪੁਲਾੜ ਸਟੇਸ਼ਨ ਅੱਧੀ ਰਾਤ ਵਿਚ 16 ਵਾਰ ਧਰਤੀ ਦੇ ਇਕ ਹਿੱਸੇ ਦੇ ਉਪਰੋਂ ਲੰਘਿਆ। ਨਾਸਾ ਅਨੁਸਾਰ ਆਈ. ਐੱਸ. ਐੱਸ. ਦੇ ਮਾਧਿਅਮ ਨਾਲ ਧਰਤੀ ਦਾ ਚੱਕਰ ਲਗਾ ਰਹੇ ਅਮਲੇ ਦੇ 42 ਮੈਂਬਰਾਂ ਨੂੰ 16 ਵਾਰ ਨਵਾਂ ਸਾਲ ਮਨਾਉਣ ਦਾ ਮੌਕਾ ਮਿਲਿਆ। ਪੁਲਾੜ ਸਟੇਸ਼ਨ 28,163 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਦੇ ਨਾਲ ਧਰਤੀ ਦਾ ਚੱਕਰ ਲਗਾ ਰਿਹਾ ਹੈ। ਅਮਲੇ ਦੇ ਮੈਂਬਰ ਨਵੇਂ ਸਾਲ ਦੀ ਸ਼ਾਮ ਵੱਖ-ਵੱਖ ਪ੍ਰੀਖਣਾਂ ਵਿਚ ਲੱਗੇ ਸਨ, ਜਿਨ੍ਹਾਂ ਵਿਚ ਪੁਲਾੜ ਵਿਚ ਲੰਬੇ ਸਮੇਂ ਤੱਕ ਰਹਿਣ ਤੋਂ ਬਾਅਦ ਇਨਸਾਨ ਦੀਆਂ ਅੱਖਾਂ ਵਿਚ ਆਉਣ ਵਾਲੇ ਬਦਲਾਅ ਆਦਿ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਇਸ ਸਾਲ ਪੁਲਾੜ ਸਟੇਸ਼ਨ ਵਿਚ ਸਪੇਸ ਐੱਕਸ -5 ਅਤੇ ਡ੍ਰੈਗਨ ਪਹੁੰਚਣ ਵਾਲੇ ਹਨ।

# ਗੁਰੂ ਰਵਿਦਾਸ ਵੈਲਫੇਅਰ ਟਰੱਸਟ ਵੱਲੋਂ ਦਸਵਾਂ ਸੰਤ ਸੰਮੇਲਨ ਤੇ ਕੀਰਤਨ ਦਰਬਾਰ ਕਰਵਾਇਆ

**ਨਵਾਂ ਸ਼ਹਿਰ–** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ ਨਵਾਂ ਸ਼ਹਿਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦ ਨੂੰ ਸਮਰਪਿਤ 10ਵਾਂ ਮਹਾਨ ਸੰਤ ਸੰਮੇਲਨ ਅਤੇ ਕੀਰਤਨ ਦਰਬਾਰ ਦਾਣਾ ਮੰਡੀ ਨਵਾਂ ਸ਼ਹਿਰ ਵਿਖੇ 108 ਸੰਤ ਨਿਰੰਜਣ ਦਾਸ ਜੀ ਡੇਰਾ ਸੱਚਖੰਡ ਬੱਲਾਂ (ਜਲੰਧਰ) ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ 'ਚ ਸੰਗਤਾਂ ਨੇ ਭਾਰੀ ਮੀਂਹ ਦੇ ਬਾਵਜੂਦ ਵੀ ਹਾਜ਼ਰੀ ਭਰੀ ਤੇ ਗੁਰੂ ਜਸ ਸਰਵਣ ਕੀਤਾ। ਇਸ ਮੌਕੇ ਤੇ 108 ਸੰਤ ਨਿਰੰਜਣ ਦਾਸ ਤੋਂ ਇਲਾਵਾ, ਸੰਤ ਮਨਦੀਪ ਦਾਸ ਜੀ ਵਾਰਾਨਸੀ, ਸੰਤ ਪ੍ਰੀਤਮ ਦਾਸ ਜੀ ਸੰਗਤਪੁਰ, ਸੰਤ ਲੇਖ ਰਾਜ ਜੀ ਨੂਰਪੁਰ, ਸੰਤ ਭਗਤ ਰਾਮ ਗੁਰਾਇਆਂ, ਸੰਤ ਰਾਣਾ ਦਾਸ ਕੰਗ ਜਗੀਰ, ਸੰਤ ਸੁਖਦੇਵ ਰਾਜ ਹੁਸੈਨ ਚੱਕ ਸਮੇਤ ਦਰਜਨ ਸੰਤਾਂ ਨੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਦਿੰਦੇ ਹੋਏ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੇ ਵਿਚਾਰਧ-ਾਰਾ ਨਾਲ ਜੁੜਨ ਦਾ ਉਪਦੇਸ਼ ਦਿੱਤਾ ਤੇ ਨਸ਼ਿਆਂ ਤੋਂ ਬਚ ਕੇ ਰਹਿਣ ਲਈ ਵੀ ਜ਼ੋਰ ਦਿੱਤਾ।



ਇਸ ਮੌਕੇ ਤੇ ਗਿਆਨੀ ਉਂਕਾਰ ਸਿੰਘ ਗੜਪਥਾਣਾ, ਰਾਜ ਦਦਰਾਜ ਤੇ ਰਾਜ ਮਹਿੰਦੀ ਆਦਿ ਨੇ ਆਪਣੇ ਮਿਸ਼ਨਰੀ ਗੀਤ ਅਤੇ ਕਥਾ ਸਰਵਣ ਕਰਵਾ ਕੇ ਸੰਗਤਾਂ ਨੂੰ ਸਤਿਗੁਰਾਂ ਦੀ ਵਿਚਾਰਧਾਰਾ ਨਾਲ ਜੋੜਿਆ।

ਟਰੱਸਟ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਸੰਤ ਨਿਰੰਜਣ ਦਾਸ ਜੀ ਡੇਰਾ ਬੱਲਾਂ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਸ੍ਰੀ ਗੁਰੂ ਰਵਿਦਾਸ ਸਮਾਜ ਸੇਵਾ ਪੁਰਸ ਗਿਆਨੀ ਉਂਕਾਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਬਹਾਦਰ ਧੀ ਦਾ ਪੁਰਸਕਾਰ ਦਲਜੀਤ ਕੌਰ ਜੀਂਦੋਵਾਲ ਤੇ ਨਵਜੋਤ ਕੌਰ ਬੈਂਸਾਂ ਨੂੰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਰਵ ਸ੍ਰੀ ਸਤਪਾਲ ਸਾਹਲੋਂ, ਪਰਮਜੀਤ ਮਹਾਲੋਂ, ਜੋਗਿੰਦਰ ਮੈਂਗੜਾ, ਅਜੀਤ ਰਾਮ ਗੁਣਾਚੌਰ, ਕੁਲਵਿੰਦਰ ਕਾਹਮਾ, ਮਾ: ਕੇਵਲ ਗੁਣਾਚੌਰ, ਸਤਵਿੰਦਰ ਜੀਂਦੋਵਾਲ, ਮਾ: ਪਰਮਿੰਦਰ, ਮਾ: ਨਿਰਮਲ, ਡਾ. ਗੁਰਨਾਮ, ਪਵਨ ਕੁਮਾਰ ਲਾਡੀ, ਪਿਆਰਾ ਰਾਮ ਮਹਿਰਮਪੁਰ, ਰੋਸ਼ਨ ਲਾਲ ਛੋਕਰਾ, ਜੇ. ਪੀ. ਦੁਗਲ, ਚਰਨਦਾਸ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-
NEWZINDGI@GMAIL.COM







ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੁਕਾਈ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦਿਹਾੜੇ ਤੇ ਨਵੇਂ ਸਾਲ 2015 ਦੀਆਂ

ਲੱਖ ਲੱਖ ਵਧਾਈਆਂ

United Awareness Committee of Ravidassia Community Californial USA

# ਮੁਫਤ ਸਿਲਾਈ ਸਿੱਖਿਆ ਸੈਂਟਰ ਵਿਚ ਸਰਟੀਫਿਕੇਟ ਵੰਡੇ



ਨਵਾਂ ਸ਼ਹਿਰ- ਪਿੰਡ ਬਹਾਦਰਪੁਰ ਵਿਚ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਨਵਾਂ ਸ਼ਹਿਰ ਵੱਲੋਂ ਖੋਲ੍ਹੇ ਗਏ 56ਵੇਂ ਮੁਫਤ ਸਿਲਾਈ ਸਿੱਖਿਆ ਸੈਂਟਰ ਦੀ ਸਮਾਪਤੀ ਤੇ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਤਕਸੀਮ ਕਰਨ ਲਈ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕੀਤਾ ਗਿਆ, ਜਿਸ ਵਿਚ ਸਿੱਖਿਆ ਪ੍ਰਾਪਤ 26 ਲੜਕੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਤੇ ਬੋਲਦਿਆਂ ਟਰੱਸਟ ਦੇ ਪ੍ਰਧਾਨ ਸ੍ਰੀ ਸਤਪਾਲ ਸਾਹਲੋਂ ਨੇ ਕਿਹਾ ਕਿ ਸਮਾਜ ਦੀ ਤਰੱਕੀ ਲਈ ਲੜਕੀਆਂ ਦਾ ਸਵੈ ਨਿਰਭਰ ਹੋਣਾ ਬਹੁਤ ਜ਼ਰੂਰੀ ਹੈ। ਇਸੇ ਕਰਕੇ ਟਰੱਸਟ ਵੱਲੋਂ ਵੱਖ ਵੱਖ ਪਿੰਡਾਂ ਵਿਚ ਸਿਲਾਈ ਸੈਂਟਰ ਖੋਲ੍ਹ ਕੇ ਲੜਕੀਆਂ/ਔਰਤਾਂ ਨੂੰ ਕਿੱਤਾ ਮੁਖੀ ਸਿੱਖਿਆ ਨਾਲ ਜੋੜਿਆ ਜਾ ਰਿਹਾ ਹੈ। ਇਸ ਮੌਕੇ ਤੇ ਸਰਪੰਚ ਸ੍ਰੀ ਜਗਦੀਸ਼ ਲਾਲ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰੀ ਜਗਦੀਸ਼ ਰਾਮ ਨੇ ਟਰੱਸਟ ਦਾ ਧੰਨਵਾਦ ਕਰਦੇ ਹੋਏ ਉਸ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।ਇਸ ਮੌਕੇ ਤੇ ਗੁਰਦੁਆਰਾ ਕਮੇਟੀ ਵੱਲੋਂ ਸਾਰੀਆਂ ਵਿਦਿਆਰਥਣਾਂ ਨੂੰ ਇਕ ਇਕ ਸੂਟ ਅਤੇ ਪੰਚਾਇਤ ਮੈਂਬਰਾਂ ਵੱਲੋਂ ਦੋ-ਦੋ ਸੌ ਰੁਪਏ ਦੇ ਕੇ ਸਨਮਾਨ ਕੀਤਾ ਗਿਆ। ਦੋਵਾਂ ਵੱਲੋਂ ਟਰੱਸਟ ਦੀ ਵੀ ਮਾਲੀ ਮਦਦ ਕੀਤੀ ਗਈ। ਸੁਪਰਵਾਈਜ਼ਰ ਕੁਲਜੀਤ ਕੌਰ ਨੇ ਵੀ ਆਪਣੇ ਤਜਰਬੇ ਸਾਂਝੇ ਕੀਤੇ। ਇਸ ਮੌਕੇ ਤੇ ਸਰਵ ਸ੍ਰੀ ਪਰਮਜੀਤ ਮਹਾਲੋਂ, ਸਤਨਾਮ ਫੌਜੀ, ਪਿਆਰਾ ਰਾਮ ਮਹਿਰਮ-ਪੁਰ, ਹਰਮੇਸ਼ ਥਾਂਦੀਆਂ, ਦਰਸ਼ਨ ਲਾਲ ਠੇਕੇਦਾਰ, ਹਰਗੋਪਾਲ, ਸੁਖਦੇਵ ਸਿੰਘ ਪੰਚ, ਗੁਰਨਾਮ ਸਿੰਘ,ਹਰਮੇਸ਼ ਲਾਲ, ਜੋਗਿੰਦਰ ਕੌਰ, ਦਰਸ਼ਨ ਕੌਰ (ਸਾਰੇ ਪੰਚ), ਪਰਮਜੀਤ, ਮਨਜੀਤ ਸਿੰਘ, ਕੁਲਜੀਤ ਕੌਰ ਸੁਪਰਵਾਈਜ਼ਰ, ਪਰਮਜੀਤ ਕੌਰ ਅਧਿਆਪਕਾ ਵੀ ਹਾਜ਼ਰ ਸਨ। ਇਹ ਜਾਣਕਾਰੀ ਸਤਪਾਲ ਸਾਹਲੋਂ ਨੇ ਦਿੱਤੀ।

# ਪਿੰਡ ਗੜਪੜ੍ਹ ਵਿਚ ਸਿੱਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ



ਨਵਾਂ ਸ਼ਹਿਰ- ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਨਵਾਂ ਸ਼ਹਿਰ ਵੱਲੋਂ ਲੜਕੀਆਂ ਨੂੰ ਕਿੱਤਾਮੁਖੀ ਬਣਾਉਣ ਦੇ ਮੰਤਵ ਨਾਲ ਖੋਲ੍ਹੇ ਗਏ ਸਿਲਾਈ ਸੈਂਟਰ ਦੇ ਸਮਾਪਤੀ ਸਮਾਰੋਹ ਤੇ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਟਰੱਸਟ ਦੇ ਪ੍ਰਧਾਨ ਸ੍ਰੀ ਸਤਪਾਲ ਸਾਹਲੋਂ ਨੇ ਕਿਹਾ ਕਿ ਟਰੱਸਟ ਦਾ ਮੁੱਖ ਮੰਤਵ ਲੜਕੀਆਂ ਨੂੰ ਸਿਲਾਈ-ਕਢਾਈ ਦੀ ਮੁਫਤ ਸਿੱਖਿਆ ਪ੍ਰਦਾਨ ਕਰਕੇ ਉਹਨਾਂ ਨੂੰ ਪੈਰਾਂ ਤੇ ਖੜ੍ਹੇ ਹੋਣ ਦਾ ਮੌਕਾ ਪ੍ਰਦਾਨ ਕਰਨਾ ਹੈ। ਉਹਨਾਂ ਦੱਸਿਆ ਕਿ ਟਰੱਸਟ ਵੱਲੋਂ ਸਿਲਾਈ ਸਿੱਖਿਆ ਦੇ ਨਾਲ ਨਾਲ ਸੰਤ ਸੰਮੇਲਨ ਅਤੇ ਸਵੈ ਇਛੁੱਕ ਖੂਨਦਾਨ ਕੈਂਪ ਵੀ ਲਗਾਏ ਜਾ ਰਹੇ ਹਨ। ਇਸ ਮੌਕੇ ਤੇ ਸਰਪੰਚ ਸ੍ਰੀਮਤੀ ਨੀਲਮ ਕੁਮਾਰੀ ਅਤੇ ਐਡਵੋਕੇਟ ਹਰਮੇਸ਼ ਸੁਮਨ ਨੇ ਵੀ ਟਰੱਸਟ ਵੱਲੋਂ ਕੀਤੇ ਜਾ ਰਹੇ ਇਹਨਾਂ ਉਪਰਾਲਿਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤੋਂ ਵੱਡਾ ਸਮਾਜ ਸੇਵੀ ਕਾਰਜ ਹੋਰ ਕੋਈ ਨਹੀਂ ਹੈ। ਇਸ ਮੌਕੇ ਤੇ ਨਾਮਵਰ ਸ਼ਖਸੀਅਤਾਂ ਦਾ ਟਰੱਸਟ ਵੱਲੋਂ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਰਵ ਸ੍ਰੀ ਲਖਵੀਰ ਚੰਦ, ਗਿਆਨ ਚੰਦ ਪੰਚ, ਪਿਆਰਾ ਰਾਮ ਮਹਿਰਮਪੁਰ, ਪਰਮਜੀਤ ਮਹਾਲੋਂ,ਹਰਮੇਸ਼ ਥਾਂਦੀਆਂ, ਕੇਵਲ ਰਾਮ ਗੁਣਾਚੌਰ, ਸਤਵਿੰਦਰ ਜੱਬੋਵਾਲ, ਕੁਲਵਿੰਦਰ ਕਾਹਮਾ, ਨਿਰਮਲ ਭੰਗਲਾਂ, ਰਾਕੇਸ਼ ਕੁਮਾਰ, ਮਨਜਿੰਦਰ ਸਿੰਘ, ਅਵਤਾਰ ਕੌਰ (ਤਿੰਨੇ ਪੰਚ), ਸੰਦੀਪ ਕੌਰ ਅਧਿਆਪਕ ਵੀ ਹਾਜ਼ਰ ਸਨ। ***ਰਿਪੋਰਟ ਸਤਪਾਲ ਸਾਹਲੋਂ***

# ਮਹਿਮੂਦਪੁਰ ’ਚ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ ਵਿਚ ਨਿਵੇਕਲਾ ਸਮਾਗਮ ਹੋਇਆ

**ਮੁਕੰਦਪੁਰ (ਰੇਸ਼ਮ ਕਰਨਾਣਵੀ)-** ਲਾਸਾਨੀ ਕੁਰਬਾਨੀ ਦੇ ਚਿੰਨ੍ਹ ਮਹਾਨ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਬੇਮਿਸਾਲ ਸ਼ਹਾਦਤ ਦਿਹਾੜੇ ਨੂੰ ਰਸਮ ਦਾ ਰੂਪ ਦੇਣ ਦੀ ਬਜਾਏ ਮਾਤਾ ਗੁਜਰੀ ਔਰਤ ਚੇਤਨਾ ਕਮੇਟੀ ਪਿੰਡ ਮਹਿਮੂਦਪੁਰ ਵਲੋਂ ਇਸ ਇਤਿਹਾਸਕ ਦਿਨ ਨੂੰ ਉਸਾਰੂ ਅਤੇ ਸੇਧ ਦੇਣ ਵਾਲਾ ਬਣਾਉਣ ਦੇ ਮਕਸਦ ਨਾਲ ਇਸ ਵਾਰ ਲਗਾਤਾਰ ਪੰਜਵੇਂ ਸਾਲ ਸ਼ਹੀਦੀ ਸਮਾਗਮ ਨਿਵੇਕਲੇ ਢੰਗ ਨਾਲ ਕਰਵਾਇਆ ਗਿਆ ਜਿਸ ਵਿਚ ਪਿੰਡ ਦੀਆਂ ਵੱਡੀ ਗਿਣਤੀ ਔਰਤਾਂ ਤੇ ਬੱਚੇ ਸ਼ਾਮਲ ਹੋਏ। ਛੋਟੇ ਬੱਚਿਆਂ ਨੂੰ ਇਸ ਦਿਲ-ਕੰਬਾਊ ਸਾਕੇ ਦੇ ਇਤਿਹਾਸ ਦੇ ਰੂਬਰੂ ਕਰਨ ਦੇ ਮਨੋਰਥ ਨਾਲ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਕੁਰਬਾਨੀ ਦੇ ਨਾਲ ਨਾਲ ਸਮਾਜ ਵਿਚ ਔਰਤਾਂ ਦੀ ਦਰਦਨਾਕ ਹਾਲਤ, ਔਰਤ ਵਰਗ ਉੱਪਰ ਵਧ ਰਹੇ ਜ਼ੁਲਮਾਂ, ਨਸ਼ਿਆਂ, ਭਰੂਣ ਹੱਤਿਆ, ਸੱਭਿਆਚਾਰਕ ਦੇ ਨਾਂ ਹੇਠ ਅਸ਼ਲੀਲਤਾ, ਮਨੁੱਖੀ ਸਵੈ-ਮਾਣ ਦੀ ਅਜੋਕੀ ਸਭ ਤੋਂ ਵੱਡੀ ਜ਼ਰੂਰਤ ਵਰਗੇ ਵਿਸ਼ਿਆਂ ਬਾਰੇ ਗੀਤ, ਕਵਿਤਾਵਾਂ ਅਤੇ ਭਾਸ਼ਣ ਉਚੇਚੇ ਤੌਰ ’ਤੇ ਤਿਆਰ ਕਰਵਾਏ ਗਏ।




ਕਮੇਟੀ ਦੀ ਮਿਹਨਤ ਨਾਲ ਸਮਾਗਮ ’ਚ ਚਾਰ ਸਾਲ ਤੋਂ 16 ਸਾਲ ਦੇ 26 ਬੱਚਿਆਂ ਨੇ ਇਨ੍ਹਾਂ ਵਿਸ਼ਿਆਂ ਬਾਰੇ ਰਚਨਾਵਾਂ ਦੀ ਪੇਸ਼ਕਾਰੀ ਬਹੁਤ ਹੀ ਸਵੈ-ਭਰੋਸੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ। ਜਿਨ੍ਹਾਂ ਵਿਚ ਸਿਮਰਨ ਕੌਰ, ਹਰਨੂਰ ਕੌਰ, ਗੁਰਸ਼ਰਨ ਕੌਰ, ਰਮਨੀਤ ਕੌਰ, ਅੰਮ੍ਰਿਤ ਕੌਰ, ਜਸਮਨ ਕੌਰ, ਜਸਮਨ ਸਿੰਘ, ਜਸਪ੍ਰੀਤ ਸਿੰਘ, ਪ੍ਰਭਜੋਤ ਕੌਰ, ਸੁਖਮਨ ਕੌਰ, ਸੁਖਦੀਪ ਸਿੰਘ, ਗੁਰਨੀਤ ਕੌਰ, ਗੁਰਨੂਰ ਕੌਰ, ਸ਼ਰਨਜੀਤ ਕੌਰ, ਪ੍ਰਭਦੀਪ ਸਿੰਘ, ਬਿਕਰਮ ਸਿੰਘ, ਮੰਗਲਾਂ, ਸੁਨੈਨਾ, ਬਲਜਿੰਦਰ ਕੌਰ, ਪਵਨਦੀਪ ਸਿੰਘ, ਦਪਿੰਦਰਜੀਤ ਸਿੰਘ, ਰਮਨਦੀਪ ਕੌਰ, ਪਵਨਜੀਤ ਕੌਰ, ਜਸਪ੍ਰੀਤ ਕੌਰ, ਸਮਰਪ੍ਰੀਤ, ਮਨਵੀਰ ਸਿੰਘ ਸ਼ਾਮਲ ਸਨ।

ਉਨ੍ਹਾਂ ਤੋਂ ਇਲਾਵਾ ਮੈਡਮ ਰਜਵਿੰਦਰ ਕੌਰ ਅਤੇ ਕਮਲਜੀਤ ਕੌਰ ਵਲੋਂ ਵੀ ਗੀਤ ਪੇਸ਼ ਕੀਤੇ ਗਏ। ਸਮਾਗਮ ਵਿਚ ਬੱਚਿਆਂ ਦਰਮਿਆਨ ਮੁਕਾਬਲੇਬਾਜ਼ੀ ਦੀ ਦੌੜ ਪੈਦਾ ਕਰਨ ਦੀ ਬਜਾਏ ਉਨ੍ਹਾਂ ਨੂੰ ਬਰਾਬਰ ਅਧਾਰ ’ਤੇ ਪ੍ਰੇਰਿਤ ਕਰਦਿਆਂ ਸਾਰੇ ਬੱਚਿਆਂ ਨੂੰ ਸਨਮਾਨਤ ਕਰਕੇ ਹੌਸਲਾ-ਅਫਜ਼ਾਈ ਕੀਤੀ ਗਈ। ਸਮਾਗਮ ਨੂੰ ਕਮੇਟੀ ਦੀ ਸਕੱਤਰ ਰਣਜੀਤ ਕੌਰ ਅਤੇ ਪ੍ਰਧਾਨ ਮੈਡਮ ਕੁਲਵੰਤ ਕੌਰ ਨੇ ਸੰਬੋਧਨ ਕਰਦਿਆਂ ਸਮਾਜ ’ਚ ਔਰਤਾਂ ਉੱਪਰ ਵਧ ਰਹੇ ਜਬਰ ਜਨਾਹ ਵਰਗੇ ਘੋਰ ਜ਼ੁਲਮਾਂ ਸਮੇਤ ਗੁੰਡਾਗਰਦੀ, ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਬਾਰੇ ਗੰਭੀਰ ਫ਼ਿਕਰਮੰਦੀ ਦਾ ਇਜ਼ਹਾਰ ਕੀਤਾ ਅਤੇ ਨਰੋਈਆਂ ਸਮਾਜਿਕ ਕਦਰਾਂ-ਕੀਮਤਾਂ ਨੂੰ ਬਚਾਉਣ ਲਈ ਬੁਰਾਈ ਦੀਆਂ ਤਾਕਤਾਂ ਵਿਰੁੱਧ ਤਰੱਕੀਪਸੰਦ ਸੋਚ ਅਪਣਾਉਣ ਅਤੇ ਜਾਗਰੂਕ ਹੋ ਕੇ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਇਸ ਮੌਕੇ ਸਰਪੰਚ ਸ੍ਰੀਮਤੀ ਨਿਰਮਲਾ, ਸ. ਕੇਸਰ ਸਿੰਘ ਮੱਲੀ, ਬਲਵੀਰ ਸਿੰਘ, ਪ੍ਰਕਾਸ਼ ਸਿੰਘ, ਕੇਸਰ ਸਿੰਘ ਢਿੱਲੋਂ, ਸੁਰਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਮੱਲ੍ਹੀ, ਬੂਟਾ ਸਿੰਘ ਢਿੱਲੋਂ, ਜਸਪ੍ਰੀਤ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ।

FREE WiFi
Ram Gopal
Annabelle's
Pizza & Pasta Kitchen
200 "J" Street
Sacramento, CA 95814
(916) 448-6239
BIG SCREEN TV
Annabelle's
Pizza & Pasta Kitchen
IN OLD SACRAMENTO
PIZZA, PASTA, SPAGHETTI, BAKED MACARONI & CHEESE, SALAD BAR (16 Varieties)
Italian Buffets, Indian Foods. (Italian Buffet $6.99)
Hall free for Jago, Birth Day & Wedding Parties.
Seven days open from 11 AM to 4 PM
Varieties of Video Games Available
Variety of Sandwiches are also available
Ram Gopal
Features All you can eat italian Buffet
(Our Dough is Freshly Rolled Daily and Made of the Finest Ingredients)
Now Serving Beer &Wine!
$5 DISCOUNT PARKING VALIDATION
ANNABELLE'S Downstairs
2nd Street
J Street
HANDICAP RAMP
Pony Express Monument
PARKING AREA
FREE WiFi
Ram Gopal (916) 448-6239
200 "J" Street, Sacramento, CA 95814

Sam's Auto Repair & Services
Professional Auto Repairs & Services
BRAKE & LAMP INSPECTION
Domestic & Foreign Cars
STAR CERTIFIED TEST & REPAIR STATION
* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸਨ ਵੀ ਕਰਵਾ ਸਕਦੇ ਹੋ
649 West Elkhorn Blvd, Suite B Rio Linda, CA 95673
(916) 992-9004
SMOG N TAG
(916) 334-7664
6421 Watt Ave.
North Highlands, CA 95660
$10.00 Off initial Smog Check
Restrictions Apply - See Store for Details
STAR Certified

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।।
ਸਵਾ ਲਾਖ ਸੇ ਏਕ ਲੜਾਓਂ ਤਬੈ ਗੋਬਿੰਦ ਸਿੰਘ ਨਾਮ ਕਹਾਓਂ

ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ



ਨਵੇਂ ਸਾਲ 2015 ਦੀਆਂ

# ਸਵਰਗੀ ਸ੍ਰੀ ਲਾਹੌਰੀ ਰਾਮ ਜੀ (ਕਮਿਸ਼ਨਰ) ਜੀ ਦੇ ਸਮੂਹ ਪਰਿਵਾਰ ਵੱਲੋਂ

# ਲੱਖ ਲੱਖ ਵਧਾਈਆਂ



ਮਾਣਯੋਗ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ (ਖੱਬੇ ਤੋਂ ਸੱਜੇ) ਉਹਨਾਂ ਦੇ ਸਪੁੱਤਰ ਸ੍ਰੀ ਅਜੈ ਪਾਲ ਰਾਮ, ਲੜਕੀ ਅਤੇ ਪਤਨੀ, ਨੂੰਹ, ਪੋਤੀ ਅਤੇ ਵੱਡੇ ਸਪੁੱਤਰ ਸ੍ਰੀ ਜਗਦੇਵ ਰਾਮ ਜੀ



ਸਵਰਗਵਾਸੀ
ਸ੍ਰੀ ਲਾਹੌਰੀ ਰਾਮ ਜੀ



ਗੁਰੂ ਰਵਿਦਾਸ ਜੀ

# ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ

# ਨਵੇਂ ਸਾਲ 2015 ਦੀਆਂ

## ਲੱਖ ਲੱਖ ਵਧਾਈਆਂ



ਗੁਰੂ ਗੋਬਿੰਦ ਸਿੰਘ ਜੀ






ਸ਼ਿੰਗਾਰਾ ਸਿੰਘ ਰੱਲ੍ਹ ਤੇ ਉਹਨਾਂ ਦੀ ਸੁਪਤਨੀ




ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ) ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

---



ਸ੍ਰੀ ਗੁਰੂ ਗੋਬਿੰਦ ਸਿੰਘ ਜੀ

# ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀਆਂ

## ਲੱਖ ਲੱਖ ਵਧਾਈਆਂ

# ਅਵਤਾਰ ਸਿੰਘ ਬੈਂਸ

# ਦੇਬੋ ਬੈਂਸ

ਸਾਬਕਾ ਚੇਅਰਪਰਸਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ



ਅਵਤਾਰ ਸਿੰਘ ਬੈਂਸ ਅਤੇ ਦੇਬੋ ਬੈਂਸ

## ਸਰਦਾਰ ਜਗਦੇਵ ਸਿੰਘ ਜੀ 'ਜੱਸੋਵਾਲ' ਦੇ ਤੁਰ ਜਾਣ 'ਤੇ

# 'ਤੂੰ ਭੱਜ ਜਾਣਾ, ਕੰਗਣਾ ਕੱਚ ਦਿਆ'



ਐਚ. ਐਲ. ਕਪੂਰ
916- 587-4002

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ, ਪੰਜਾਬੀ ਸਭਿਆਚਾਰ ਤੇ ਸਾਹਿਤ ਦੇ ਸੂਰਜ ਤੇ ਬਾਬਾ ਬੋਹੜ ਕਰਕੇ ਜਾਣੀ ਜਾਂਦੀ ਮਹਾਨ ਸ਼ਖਸੀਅਤ ਤੇ ਪੰਜਾਬ ਦੇ ਸਪੂਤ ਸਰਦਾਰ ਜਗਦੇਵ ਸਿੰਘ 'ਜੱਸੋਵਾਲ' ਜੀ ਅੱਜ ਸਾਡੇ ਵਿਚ ਨਹੀਂ ਰਹੇ। ਉਹਨਾਂ ਨੇ ਆਪਣਾ ਆਖਰੀ ਸਾਹ 8.30 ਵਜੇ ਸਵੇਰੇ ਲੁਧਿਆਣਾ ਦੇ ਇਕ ਪ੍ਰਾਈਵੇਟ ਹਸਪਤਾਲ ਦਇਆਨੰਦ ਵਿਖੇ ਮਿਤੀ 22 ਦਸੰਬਰ, 2014 ਨੂੰ ਲਿਆ। ਪਿਛਲੇ ਕਾਫੀ ਸਮੇਂ ਤੋਂ ਉਹ ਗੁਰਦੇ ਤੇ ਜਿਗਰ ਦੀ ਬਿਮਾਰੀ ਤੋਂ ਪੀੜਤ ਸਨ ਤੇ ਉਹਨਾਂ ਨੂੰ ਇਸੇ ਸਾਲ ਇਲਾਜ ਲਈ ਕਈ ਵਾਰ ਹਸਪਤਾਲ ਜਾਣਾ ਪਿਆ। ਪਿਤਾ ਸਰਦਾਰ ਕਰਤਾਰ ਸਿੰਘ ਅਤੇ ਮਾਤਾ ਸ੍ਰੀਮਤੀ ਅਮਰ ਕੌਰ ਦੇ ਘਰ 30 ਅਪ੍ਰੈਲ, 1935 ਨੂੰ ਜਨਮੇ ਸਰਦਾਰ ਜਗਦੇਵ ਸਿੰਘ ਜੀ 'ਜੱਸੋਵਾਲ' ਦਾ ਬਚਪਨ ਦਾ ਛੋਟਾ ਨਾਂ 'ਜੁਗੋ' ਸੀ ਤੇ ਘਰ ਦੇ ਵੱਡੇ ਮੈਂਬਰ ਸਾਰੇ ਉਸ ਨੂੰ ਇਸ ਨਾਮ ਨਾਲ ਹੀ ਬੁਲਾਉਂਦੇ ਸਨ। ਉਹ ਆਪਣੇ ਪਿੱਛੇ ਆਪਣੇ ਦੋ ਪੁੱਤਰ ਤੇ ਇਕ ਪਤਨੀ ਛੱਡ ਗਏ ਹਨ। ਉਹਨਾਂ ਦੀ ਤਕਰੀਬਨ 80 ਕੁ ਸਾਲ ਦੇ ਕਰੀਬ ਉਮਰ ਸੀ। ਉਨ੍ਹਾਂ ਨੇ ਆਪਣੀ ਪ੍ਰਾਇਮਰੀ ਸਿੱਖਿਆ ਆਪਣੇ ਜੱਦੀ ਪਿੰਡ ਜੱਸੋਵਾਲ ਸੂਦਾਂ ਦੇ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਹਾਈ ਸਕੂਲ ਕਿਲਾ ਰਾਏਪੁਰ ਤੋਂ, ਬੀ. ਏ. ਆਰੀਆ ਕਾਲਜ ਲੁਧਿਆਣਾ ਤੋਂ, ਬੀ. ਟੀ. (ਜਿਸ ਨੂੰ ਅੱਜਕਲ੍ਹ ਬੀ. ਐਡ ਕਹਿੰਦੇ ਹਨ) ਮਾਲਵਾ ਕਾਲਜ ਲੁਧਿਆਣਾ ਤੋਂ, ਲਾਅ ਦੀ ਡਿਗਰੀ ਅਲੀਗੜ੍ਹ ਯੂਨੀਵਰਸਿਟੀ ਤੋਂ ਗੋਲਡ ਮੈਡਲ ਪ੍ਰਾਪਤ ਕਰਕੇ, ਐਮ. ਏ. ਪੰਜਾਬੀ, ਮਹਿੰਦਰਾ ਕਾਲਜ ਪਟਿਆਲਾ ਤੋਂ ਤੇ ਇਕ ਹੋਰ ਐਮ. ਏ. ਗੌਰਮਿੰਟ ਕਾਲਜ ਲੁਧਿਆਣਾ ਤੋਂ ਪਾਸ ਕੀਤੀ। ਉਨ੍ਹਾਂ ਨੇ ਬੀ. ਟੀ. ਇਸ ਲਈ ਕੀਤੀ ਕਿ ਉਹ ਅਧਿਆਪਕ ਬਣ ਜਾਣਗੇ ਪਰ ਇਹ ਨਾ ਹੋ ਸਕਿਆ। ਫਿਰ ਵਕਾਲਤ ਕੀਤੀ ਉਹ ਲੁਧਿਆਣੇ ਦੇ ਬਹੁਤ ਹੀ ਮਸ਼ਹੂਰ ਵਕੀਲ ਜੇ. ਸੀ. ਵਰਮਾ ਦੇ ਸਹਾਇਕ ਵਕੀਲ ਬਣ ਗਏ ਪਰ ਇੱਥੇ ਵੀ ਟਿਕ ਕੇ ਵਕਾਲਤ ਨਾ ਕਰ ਸਕੇ। ਕਿਉਂਕਿ ਉਹਨਾਂ ਦਾ ਮਨ ਕੁਝ ਅਜਿਹਾ ਕਰਨ ਨੂੰ ਕਰਦਾ ਸੀ ਜਿਸ ਨਾਲ ਉਨ੍ਹਾਂ ਦਾ ਨਾਂ ਬਹੁਤ ਉੱਚਾ ਹੋਵੇ। ਇਸੇ ਭਾਵੁਕਤਾ ਕਰਕੇ ਹੀ ਉਹ ਕਿਤੇ ਇੰਨੀ ਵਿਦਿਆ ਪ੍ਰਾਪਤ ਕਰਨ ਦੇ ਬਾਵਜੂਦ ਕਿਸੇ ਕਿੱਤੇ ਵਿਚ ਚੰਗੀ ਤਰ੍ਹਾਂ ਜੰਮ ਕੇ ਟਿਕ ਨਾ ਸਕੇ ਤੇ ਮਨ ਦੌੜਦਾ ਹੀ ਰਿਹਾ। ਉਹਨਾਂ ਨੇ ਆਪਣਾ ਬਚਪਨ ਕਾਫੀ ਆਰਥਿਕ ਮੁਸ਼ਕਿਲਾਂ ਵਿਚ ਗੁਜ਼ਾਰਿਆ ਤੇ ਕਈ ਪ੍ਰਕਾਰ ਦੀਆਂ ਤੰਗੀਆਂ-ਤੁਰਸ਼ੀਆਂ ਵੀ ਝੱਲੀਆਂ ਤੇ ਅੱਜਕਲ੍ਹ ਉਹ ਲੁਧਿਆਣਾ ਦੇ ਗੁਰਦੇਵ ਨਗਰ ਵਿਚ ਰਹਿੰਦੇ ਸਨ। ਉਹਨਾਂ ਦੇ ਵਿਅਕਤੀਤਵ ਤੇ ਉਹਨਾਂ ਦੀ ਮਾਤਾ ਜੀ ਦਾ ਬਹੁਤ ਪ੍ਰਭਾਵ ਸੀ ਤੇ ਉਹ ਹਰ ਕੰਮ ਆਪਣੀ ਮਾਤਾ ਜੀ ਦੀ ਸਲਾਹ ਨਾਲ ਕਰਦੇ ਸਨ ਤੇ ਉਹਨਾਂ ਦਾ ਮੁਹਾਂਦਰਾ ਵੀ ਉਹਨਾਂ ਦੀ ਮਾਤਾ ਜੀ ਨਾਲ ਹੀ ਮਿਲਦਾ ਸੀ ਤੇ ਉਹਨਾਂ ਦੀ ਕਾਮਯਾਬੀ ਵਿਚ ਉਹਨਾਂ ਦੀ ਪਤਨੀ ਦਾ ਵੀ ਬਹੁਤ ਯੋਗਦਾਨ ਸੀ। 1947 ਦੀ ਭਾਰਤ ਵੰਡ ਸਮੇਂ ਉਹ ਪਾਕਿਸਤਾਨ ਤੋਂ ਇੱਧਰ ਆਏ ਸਨ।

ਆਰੀਆ ਕਾਲਜ ਵਿਚ ਅਜੇ ਉਹ ਆਪਣੀ ਵਿੱਦਿਆ ਪ੍ਰਾਪਤ ਕਰ ਹੀ ਰਹੇ ਸਨ ਕਿ ਉਹਨਾਂ ਦੇ ਮਾਤਾ-ਪਿਤਾ ਨੇ ਉਹਨਾਂ ਦਾ ਵਿਆਹ 1956 ਵਿਚ ਕਰ ਦਿੱਤਾ। ਉਨ੍ਹਾਂ ਦਾ ਸਹੁਰਾ ਪਿੰਡ ਧੂੜਕੋਟ (ਨੇੜੇ ਬਰਨਾਲਾ) ਹੈ। ਉਨ੍ਹਾਂ ਦੀ ਬਰਾਤ ਉਹਨਾਂ ਦਿਨਾਂ ਵਿਚ ਤਿੰਨ-ਚਾਰ ਦਿਨ ਰੁਕੀ ਸੀ। ਉਹਨਾਂ ਨੂੰ ਆਪਣੀ ਆਰਥਿਕ ਹਾਲਤ ਸੁਧਾਰਨ ਲਈ ਬੜਾ ਸੰਘਰਸ਼ ਕਰਨਾ ਪਿਆ।

ਆਪਣੀ ਪੜ੍ਹਾਈ ਦੇ ਦੌਰਾਨ ਹੀ ਉਹਨਾਂ ਨੇ ਆਪਣਾ ਮੁਕਲਾਵਾ ਲਿਆਉਣ ਲਈ ਆਪਣੇ ਸਹੁਰੇ ਪਿੰਡ ਜਾਣਾ ਸੀ ਤੇ ਕੱਪੜੇ ਸਿਲਾਈ ਲਈ ਲੁਧਿਆਣੇ ਦਿੱਤੇ ਹੋਏ ਸਨ ਤੇ ਕੱਪੜੇ ਲੈਣ ਲਈ ਦਰਜੀ ਕੋਲ ਗਏ ਤੇ ਦਰਜੀ ਅੱਗੋਂ ਆਖਦਾ ਕੱਪੜਿਆਂ ਦੇ ਕਾਜ ਕਰਨ ਵਾਲੇ ਰਹਿੰਦੇ ਹਨ ਤੇ ਥੋੜ੍ਹੇ ਸਮੇਂ ਬਾਅਦ ਆ ਕੇ ਲੈ ਜਾਣਾ। ਜੱਸੋਵਾਲ ਸਾਹਿਬ ਨੂੰ ਉਸ ਸਮੇਂ ਭੁੱਖ ਵੀ ਲੱਗੀ ਹੋਈ ਸੀ ਤੇ ਉਹ ਲੰਗਰ ਖਾਣ ਦੇ ਬਹਾਨੇ ਗੁਰਦੁਆਰੇ ਵਿਚ ਚਲੇ ਗਏ। ਉਹਨਾਂ ਦਿਨਾਂ ਵਿਚ 'ਪੰਜਾਬੀ ਸੂਬਾ' ਲੈਣ ਲਈ ਮੋਰਚਾ ਚੱਲ ਰਿਹਾ ਸੀ ਤੇ ਗੁਰਦੁਆਰੇ ਵਿਚ ਲੋਕਾਂ ਦੀ ਕਾਫੀ ਭੀੜ ਸੀ ਤੇ ਨੇਤਾਵਾਂ ਦੇ ਬੜੇ ਕਰਾਰੇ ਤੇ ਜੋਸ਼ੀਲੇ ਭਾਸ਼ਣ ਚੱਲ ਰਹੇ ਸਨ ਤੇ ਉਹ ਵੀ ਗੁਰਦੁਆਰੇ ਦੇ ਇਕੱਠ ਵਿਚ ਲੀਡਰਾਂ ਦਾ ਭਾਸ਼ਣ ਸੁਣਨ ਲਈ ਬੈਠ ਗਏ ਤੇ ਵਿਚ-ਵਿਚ ਲੋਕਾਂ ਨਾਲ ਪੰਜਾਬੀ ਸੂਬਾ ਪ੍ਰਾਪਤ ਕਰਨ ਦੇ ਨਾਅਰੇ ਵੀ ਮਾਰਦੇ ਰਹੇ। ਇੱਥੇ ਚੱਲ ਰਹੇ ਲੀਡਰਾਂ ਦੇ ਭਾਸ਼ਣਾਂ ਨੇ ਉਹਨਾਂ ਤੇ ਬੜਾ ਪ੍ਰਭਾਵ ਪਾਇਆ। ਕੁਝ ਸਮੇਂ ਬਾਅਦ ਹੀ ਪੁਲਿਸ ਨੇ ਗੁਰਦੁਆਰੇ ਦਾ ਘਿਰਾਓ ਕਰਕੇ ਲੀਡਰਾਂ ਦੇ ਨਾਲ ਹੀ ਬਹੁਤ ਸਾਰੇ ਲੋਕਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਤੇ ਉਹ ਵੀ ਗ੍ਰਿਫਤਾਰ ਹੋ ਗਏ ਤੇ ਜੇਲ੍ਹ ਪਹੁੰਚ ਗਏ। ਇਸ ਤਰ੍ਹਾਂ ਉਨ੍ਹਾਂ ਦਾ ਮੁਕਲਾਵੇ ਦਾ ਚਾਅ ਜੇਲ੍ਹ ਦੇ ਰੂਪ ਵਿਚ ਬਦਲ ਗਿਆ। ਜੇਲ੍ਹ ਵਿਚ ਹੀ ਉਨ੍ਹਾਂ ਨੂੰ ਰਾਜਨੀਤੀ ਦੀ ਚਿਣਗ ਲੱਗੀ।

ਕੋਰਟ ਵਿਚ ਮੁਕੱਦਮਾ ਚੱਲਿਆ ਤੇ ਅਦਾਲਤ ਨੇ ਉਨ੍ਹਾਂ ਨੂੰ ਦੋ ਸਾਲ ਦੀ ਕੈਦ ਤੇ ਗਿਆਰਾਂ ਹਜ਼ਾਰ ਰੁਪਏ ਜੁਰਮਾਨਾ ਕੀਤਾ। ਹਾਈਕੋਰਟ ਵਿਚ ਅਪੀਲ ਕਰਨ ਤੇ ਉਨ੍ਹਾਂ ਦੀ ਕੈਦ ਇਕ ਸਾਲ ਤੇ ਜੁਰਮਾਨਾ ਪੰਜ ਹਜ਼ਾਰ ਰੁਪਏ ਰਹਿ ਗਿਆ।

ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਸਨ। ਕਿਸੇ ਨੇ ਉਹਨਾਂ ਦੇ ਕੰਨ ਵਿਚ ਗੱਲ ਪਾ ਦਿੱਤੀ ਕਿ 'ਜੱਟ ਜੁਰਮਾਨੇ ਤੋਂ ਡਰਦਾ ਹੈ ਜੇਲ੍ਹ ਤੋਂ ਨਹੀਂ ਤੇ ਇਸ ਦੇ ਉਲਟ ਬਾਣੀਆ ਜੇਲ੍ਹ ਤੋਂ ਡਰਦਾ ਹੈ ਤੇ ਜੁਰਮਾਨੇ ਤੋਂ ਨਹੀਂ।' ਉਸ ਸਮੇਂ ਪੰਜਾਬੀ ਸੂਬੇ ਦੀ ਲਹਿਰ ਵਿਚ ਬਹੁ-ਗਿਣਤੀ ਜੱਟਾਂ ਦੀ ਹੀ ਸੀ। ਬਾਅਦ ਵਿਚ ਜੇਲ੍ਹ ਕੱਟਣ ਤੇ ਜੁਰਮਾਨਾ ਪੰਜ ਹਜ਼ਾਰ ਭਰਨ ਉਪਰੰਤ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਤਾਪ ਸਿੰਘ ਕੈਰੋਂ ਨੇ ਜੱਸੋਵਾਲ ਸਾਹਿਬ ਨੂੰ ਆਪਣੇ ਕੋਲ ਬੁਲਾਇਆ ਤੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ ਤੇ ਇਹ ਵੀ ਵਾਅਦਾ ਕੀਤਾ ਕਿ ਉਹ ਉਸ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨਾਲ ਵੀ ਮਿਲਾਉਣਗੇ ਕਿਉਂਕਿ ਉਹ ਥੋੜ੍ਹੇ ਦਿਨਾਂ ਵਿਚ ਹੀ ਪੰਜਾਬ ਦਾ ਦੌਰਾ ਕਰਨ ਵਾਲੇ ਹਨ। ਪੰਡਤ ਜਵਾਹਰ ਲਾਲ ਨਹਿਰੂ ਪੰਜਾਬ ਦੇ ਦੌਰੇ ਤੇ ਆਏ ਤੇ ਕੈਰੋਂ ਸਾਹਿਬ ਨੇ ਉਹਨਾਂ ਨੂੰ ਪ੍ਰਧਾਨ ਮੰਤਰੀ ਜੀ ਨਾਲ ਮਿਲਾਇਆ ਤੇ ਜੱਸੋਵਾਲ ਸਾਹਿਬ ਨੂੰ ਸਟੇਜ ਤੇ ਐਲਾਨ ਕਰਕੇ ਤੇ ਪ੍ਰਧਾਨ ਮੰਤਰੀ ਜੀ ਦਾ ਆਸ਼ੀਰਵਾਦ ਦਿਵਾ ਕੇ ਕਾਂਗਰਸ ਵਿਚ ਸ਼ਾਮਲ ਕਰ ਲਿਆ। ਭਾਰਤ ਦੇ ਪ੍ਰਧਾਨ ਮੰਤਰੀ ਦਾ ਥਾਪੜਾ ਅਤੇ ਆਸ਼ੀਰਵਾਦ ਜੱਸੋਵਾਲ ਜੀ ਲਈ ਇਕ ਬਹੁਤ ਵੱਡੀ ਗੱਲ ਸੀ।



ਬਾਅਦ ਵਿਚ ਪੰਜਾਬ ਵਿਚ ਕਈ ਸਰਕਾਰਾਂ ਆਈਆਂ ਤੇ ਉਹਨਾਂ ਦੀ ਪੰਜਾਬੀ ਸੂਬੇ ਲਈ ਦਿੱਤੀ ਕੁਰਬਾਨੀ ਦਾ ਕਿਸੇ ਨੇ ਮੁੱਲ ਨਹੀਂ ਪਾਇਆ ਤੇ ਇੱਥੋਂ ਤੱਕ ਕਿ ਉਹਨਾਂ ਨੂੰ ਇਸ ਲਹਿਰ ਵਿਚ ਹੋਇਆ ਜੁਰਮਾਨਾ ਜੋ ਪੰਜ ਹਜ਼ਾਰ ਰੁਪਏ ਸੀ, ਕਿਸੇ ਸਰਕਾਰ ਨੇ ਵਾਪਸ ਨਹੀਂ ਕੀਤਾ। ਜੱਸੋਵਾਲ ਜੀ ਦਾ ਰਾਜਨੀਤਿਕ ਜੀਵਨ ਤਾਂ ਜੇਲ੍ਹ ਯਾਤਰਾ ਸਮੇਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਕਿ ਉਹ ਅਜੇ ਕਾਲਜ ਪੜ੍ਹਦੇ ਹੀ ਸਨ। ਉਹਨਾਂ ਨੂੰ ਪੰਚਾਇਤ ਦੀਆਂ ਚੋਣਾਂ ਵਿਚ ਪਿੰਡ ਦਾ ਸਰਪੰਚ ਸਰਬ-ਸੰਮਤੀ ਨਾਲ ਹੀ ਚੁਣ ਲਿਆ ਗਿਆ। ਉਹ ਕਾਲਜ ਦੇ ਦਿਨਾਂ ਤੋਂ ਹੀ ਇਕ ਵਧੀਆ ਵਕਤਾ ਸਨ। ਉਹਨਾਂ ਨੂੰ ਸਟੇਜ ਬੰਨ੍ਹਣੀ ਆਉਂਦੀ ਸੀ। ਉਹ ਆਪਣੇ ਭਾਸ਼ਣ ਨਾਲ ਲੋਕਾਂ ਨੂੰ ਕੀਲ ਲੈਂਦੇ ਸਨ ਤੇ ਉਹਨਾਂ ਦਾ ਭਾਸ਼ਣ ਸੁਣੇ ਬਗੈਰ ਪੰਡਾਲ 'ਚੋਂ ਨਹੀਂ ਉਠਦੇ ਸਨ।

1969 ਵਿਚ ਉਹ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਜੀ ਦੇ ਸੈਕਟਰੀ ਨਿਯੁਕਤ ਕਰ ਲਏ ਗਏ। 1972 ਵਿਚ ਕਿਲਾ ਰਾਏਪੁਰ ਤੋਂ ਤੱਕੜੀ ਚੋਣ ਨਿਸ਼ਾਨ ਤੇ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜੀ ਪਰ ਹਾਰ ਗਏ। ਕੁਝ ਸਮਾਂ ਉਹ ਸੰਤ ਫਤਿਹ ਸਿੰਘ ਜੀ ਨਾਲ ਅਕਾਲੀ ਦਲ ਦੇ ਜਨਰਲ ਸਕੱਤਰ ਵੀ ਰਹੇ।

1980 ਵਿਚ ਕਾਂਗਰਸ ਦੀ ਟਿਕਟ ਤੇ ਰਾਏਕੋਟ ਹਲਕੇ ਤੋਂ ਵਿਧਾਇਕ ਦੀ ਚੋਣ ਲੜੀ ਤੇ ਸਫਲਤਾ ਪ੍ਰਾਪਤ ਕੀਤੀ ਤੇ ਐਮ. ਐਲ. ਏ. ਬਣ ਗਏ। ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਵਿਚ ਉਹ ਡੇਅਰੀ ਵਿਕਾਸ ਬੋਰਡ ਅਤੇ ਜੰਗਲਾਤ ਵਿਭਾਗ ਦੇ ਚੇਅਰਮੈਨ ਬਣ ਗਏ। ਦੋ ਸਾਲ 'ਪੰਜਾਬ ਸਟੇਟ ਯੂਥ ਵੈਲਫੇਅਰ ਬੋਰਡ ਦੇ ਐਡਵਾਈਜ਼ਰ ਵੀ ਰਹੇ। ਮੈਂਬਰ ਬਿਜਲੀ ਬੋਰਡ, ਮੈਂਬਰ ਭਾਸ਼ਾ ਅਡਵਾਈਜ਼ਰੀ ਬੋਰਡ, ਮੈਂਬਰ ਦੂਰਦਰਸ਼ਨ ਕੌਂਸਲ, ਮੈਂਬਰ ਪੰਜਾਬ ਆਰਟਸ ਕੌਂਸਲ ਤੇ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ ਦੇ ਪੰਜ ਸਾਲ ਤੱਕ ਪ੍ਰਧਾਨ ਰਹੇ।

ਜੱਸੋਵਾਲ ਸਾਹਿਬ ਨੇ ਮਾਲਵੇ ਦੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕੀਤਾ, ਖਾਸ ਤੌਰ ਤੇ ਲੁਧਿਆਣੇ ਖੇਤਰ ਦੀ ਰਾਜਨੀਤੀ ਨੂੰ। ਉਨ੍ਹਾਂ ਨੇ ਆਪਣੀ ਜਵਾਨੀ ਵਿਚ ਹੀ ਰਾਜਨੀਤੀ ਵਿਚ ਪੈਰ ਧਰ ਲਿਆ ਸੀ ਪਰ ਮੌਕਾਪ੍ਰਸਤ ਰਾਜਨੀਤਿਕ ਲੋਕਾਂ ਨੇ ਆਪਣੇ ਸਵਾਰਥ ਲਈ, ਉਨ੍ਹਾਂ ਨੂੰ ਰਾਜਨੀਤੀ ਵਿਚ ਜੋ ਉਹ ਬਣਨਾ ਚਾਹੁੰਦੇ ਸਨ ਤੇ ਕਰਨਾ ਚਾਹੁੰਦੇ ਸਨ, ਕਰਨ ਨਹੀਂ ਦਿੱਤਾ, ਹਮੇਸ਼ਾ ਉਨ੍ਹਾਂ ਦੇ ਪੈਰ ਖਿੱਚਦੇ ਰਹੇ ਤੇ ਉਹਨਾਂ ਦੇ ਰਾਜਨੀਤੀ ਵਿਚ ਉਭਾਰ ਦੇ ਰਸਤੇ ਵਿਚ ਰੁਕਾਵਟ ਬਣਦੇ ਰਹੇ। ਰਾਜਨੀਤਿਕ ਲੋਕ ਹੀ ਉਨ੍ਹਾਂ ਦੇ ਖੇਤਰ ਵਿਚ ਵਿਕਾਸ ਕਰਨ ਦੀਆਂ ਕੋਸ਼ਿਸ਼ਾਂ ਵਿਚ ਹਮੇਸ਼ਾ ਅੜਚਣਾਂ ਖੜ੍ਹੀਆਂ ਕਰਦੇ ਰਹੇ ਤਾਂ ਕਿ ਉਹ ਆਪਣੀ ਤੇ ਲੋਕਾਂ ਦੀ ਇੱਛਾ ਮੁਤਾਬਕ ਕੰਮ ਨਾ ਕਰ ਸਕਣ। ਇਹਨਾਂ ਰੁਕਾਵਟਾਂ ਕਾਰਨ ਹੀ ਉਹਨਾਂ ਨੇ ਸਦਾ ਲਈ ਰਾਜਨੀਤੀ ਨੂੰ ਤਿਆਗਣ ਦਾ ਮਨ ਬਣਾ ਲਿਆ ਤੇ ਆਖਿਆ ਕਿ ਸਿਆਸਤ ਦਾ ਮੇਰਾ ਤਜਰਬਾ ਇਕ ਸੁਪਨੇ ਵਾਂਗ ਹੈ। ਇਹ ਤਾਂ ਉਹ ਗੱਲ ਹੈ ਕਿ 'ਨਾ ਤਾਂ ਸੁੱਤੀ ਤੇ ਨਾ ਹੀ ਕੱਤਿਆ'। ਪੰਜਾਬੀ ਦੇ ਇਸ ਮੁਹਾਵਰੇ ਦੇ ਭਾਵਾਂ ਵਰਗੀ ਰਾਜਨੀਤੀ ਵਿਚ ਦਸ਼ਾ ਹੋਈ। ਉਹ ਇਹ ਵੀ ਆਖਦੇ ਹੁੰਦੇ ਸਨ ''ਹੱਸ ਲੈ, ਟੱਪ ਲੈ, ਗਾ ਲੈ, ਤੂੰ ਭੱਜ ਜਾਣਾ,ਕੰਗਣਾ ਕੱਚ ਦਿਆ।''

ਥੋੜ੍ਹਾ ਸਮਾਂ ਪਹਿਲਾਂ ਹੀ ਉਹਨਾਂ ਦੀ ਜੀਵਨੀ ਤੇ ਲਿਖੀ ਗਈ ਪੁਸਤਕ 'ਜਗਦੇਵ ਸਿੰਘ ਜੱਸੋਵਾਲ- ਜੀਵਨ ਤੇ ਸ਼ਖਸੀਅਤ' ਵਿਚ ਇਸ ਗੱਲ ਦਾ ਪ੍ਰਗਟਾਵਾ ਹੁੰਦਾ ਹੈ ਕਿ 'ਉਹ ਪੰਜਾਬ, ਪੰਜਾਬੀ, ਪੰਜਾਬੀਅਤ ਤੇ ਸਭਿਆਚਾਰ ਤੇ ਸਾਹਿਤ ਨੂੰ ਉਹ ਆਪਣੇ ਸਿਰ ਦਾ ਤਾਜ ਤੇ ਰਾਜਨੀਤੀ ਨੂੰ ਆਪਣੇ ਪੈਰਾਂ ਦੀ ਜੁੱਤੀ ਸਮਝਦੇ ਸਨ। ਉਹ ਸਮਝਦੇ ਸਨ ਕਿ ਉਨ੍ਹਾਂ ਦੇ ਰਾਜਨੀਤੀ ਦੇ ਸਾਰੇ ਚਾਅ ਖਤਮ ਹੋ ਗਏ ਹਨ। ਰਾਜਨੀਤਿਕ ਲੋਕ ਆਪਣੇ ਸੁਆਰਥ ਨੂੰ ਹਮੇਸ਼ਾ ਮੋਹਰੇ ਰੱਖਦੇ ਹਨ, ਕੋਈ ਵੀ ਨੇਤਾ ਲੋਕਾਂ, ਸਮਾਜ, ਦੇਸ਼ ਤੇ ਸਭਿਆਚਾਰ ਤੇ ਸਾਹਿਤ ਦੀਆਂ ਚਿੰਤਾਵਾਂ ਦਾ ਫਿਕਰ ਨਹੀਂ ਕਰਦੇ।'' ਇਸੇ ਲਈ ਹੀ ਉਹਨਾਂ ਨੇ ਰਾਜਨੀਤੀ ਤੋਂ ਕਿਨਾਰਾ ਕਰ ਲਿਆ ਹੈ ਤੇ ਫੈਸਲਾ ਕਰ ਲਿਆ ਹੈ ਕਿ ਉਹ ਆਪਣੇ ਆਉਣ ਵਾਲੇ ਜੀਵਨ ਵਿਚ ਸਿਰਫ ਪੰਜਾਬ, ਪੰਜਾਬੀ, ਪੰਜਾਬੀਅਤ, ਸਭਿਆਚਾਰ ਤੇ ਸਾਹਿਤ ਤੇ ਕਲਾ ਨੂੰ ਜਿੰਦਾ ਰੱਖਣ ਲਈ ਤੇ ਇਸ ਨੂੰ ਪੱਛਮੀ ਸਭਿਆਚਾਰ ਦੇ ਪ੍ਰਭਾਵ ਤੋਂ ਦੂਰ ਰੱਖਣ ਲਈ ਆਪਣਾ ਜੀਵਨ ਅਰਪਣ ਕਰ ਦੇਣਗੇ। ਇਸੇ ਲਈ ਹੀ ਪੰਜਾਬ ਦੇ ਤਮਾਮ ਕਲਾਕਾਰ, ਲੋਕ ਗਾਇਕ, ਸੰਗੀਤਕਾਰ, ਰੰਗਮੰਚ ਦੇ ਕਲਾਕਾਰ ਉਹਨਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਇਕ ਸਾਰੰਗੀ ਵਾਦਕ, ਤੂੰਬੀ ਮਾਸਟਰ ਤੇ ਢੋਲਕੀ ਮਾਸਟਰ ਨੇ ਜੱਸੋਵਾਲ ਜੀ ਬਾਰੇ ਕਿਹਾ ਕਿ 'ਉਹ ਸਾਡੇ ਲਈ ਫਰਿਸ਼ਤਾ ਹਨ ਤੇ ਇਨ੍ਹਾਂ ਦੀ ਰਹਿਨੁਮਾਈ ਵਿਚ ਉਹ ਪੰਜਾਬੀ ਲੋਕ-ਸੰਗੀਤ ਤੇ ਕਲਾ ਨੂੰ ਉਚਾਈ ਦੀਆਂ ਬੁਲੰਦੀਆਂ ਤੇ ਪਹੁੰਚਾ ਦੇਣਗੇ।''

1968 ਵਿਚ ਪ੍ਰੋ: ਮੋਹਨ ਸਿੰਘ ਜੀ ਜਲੰਧਰ ਤੋਂ ਆਪਣੀ ਰਿਹਾਇਸ਼ ਲੁਧਿਆਣੇ ਲੈ ਆਏ। ਉਹ ਖੇਤੀਬਾੜੀ ਯੂਨੀਵਰਸਿਟੀ ਦੇ ਸਾਹਮਣੇ ਇਕ ਗਲੀ ਵਿਚ ਆਪਣਾ ਆਸ਼ਿਆਨਾ ਬਣਾ ਕੇ ਰਹਿਣ ਲੱਗੇ। ਕਵਿਤਾ ਦੇ ਖੇਤਰ ਵਿਚ ਪ੍ਰੋ: ਮੋਹਨ ਸਿੰਘ ਜੀ ਦਾ ਨਾਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬਹੁਤ ਵੱਡਾ ਨਾਮ ਸੀ ਤੇ ਉਹ ਇਕ ਪ੍ਰਗਤੀਵਾਦੀ ਲੇਖਕ ਵਜੋਂ ਸਥਾਪਤ ਹੋ ਕੇ ਬਹੁਤ ਹਰਮਨ ਪਿਆਰੇ ਕਵੀ ਬਣ ਗਏ ਸਨ।

ਉਸ ਜ਼ਮਾਨੇ ਦੇ ਮਸ਼ਹੂਰ ਕਵੀਆਂ 'ਚੋਂ ਉਨ੍ਹਾਂ ਨੂੰ ਸਭ ਤੋਂ ਸਿਰਮੌਰ ਕਵੀ ਮੰਨਿਆ ਜਾਂਦਾ ਸੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਹਨਾਂ ਨੂੰ ਕਵਿਤਾ ਦੇ ਖੇਤਰ ਵਿਚ ਇਕ ਸ਼ਹਿਨਸ਼ਾਹ ਕਵੀ ਵਜੋਂ ਮਾਨਤਾ ਮਿਲ ਚੁੱਕੀ ਸੀ। ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਉਨ੍ਹਾਂ ਦੇ ਆਪਣੇ ਪਰਚੇ 'ਪੰਜ ਦਰਿਆ' ਵਿਚ ਛਪਦੀਆਂ ਸਨ ਤੇ ਇਸ ਦੇ ਨਾਲ ਹੀ ਹੋਰ ਸਾਹਿਤਕਾਰਾਂ ਦੀਆਂ ਰਚਨਾਵਾਂ ਵੀ ਛਪਦੀਆਂ ਸਨ। ਉਹਨਾਂ ਨੇ ਕਈ ਸਾਹਿਤਕਾਰਾਂ ਨੂੰ ਚਮਕਾਉਣ ਤੇ ਤਰਾਸ਼ਣ ਲਈ ਉਹਨਾਂ ਦੀਆਂ ਰਚਨਾਵਾਂ ਨੂੰ ਆਪਣੇ ਪਰਚੇ 'ਪੰਜ ਦਰਿਆ' ਵਿਚ ਛਾਪ ਕੇ ਉਭਰਨ ਦਾ ਮੌਕਾ ਪ੍ਰਦਾਨ ਕੀਤਾ। ਲੁਧਿਆਣੇ ਰਹਿੰਦਿਆਂ ਹੀ ਸਾਹਿਤਕ ਅਦਬੀਆਂ ਨਾਲ ਤੇ ਹੋਰ ਲੋਕਾਂ ਨਾਲ ਉਨ੍ਹਾਂ ਦਾ ਦੋਸਤੀ ਦਾ ਘੇਰਾ ਬਹੁਤ ਵੱਧ ਗਿਆ ਸੀ। ਇੱਥੇ ਹੀ ਉਹਨਾਂ ਦੀ ਉਸ ਸਮੇਂ ਦੇ ਮਸ਼ਹੂਰ ਲਿਖਾਰੀ ਸਰਦਾਰ ਕਰਤਾਰ ਸਿੰਘ ਸ਼ਮਸ਼ੇਰ, ਜਿਹਨਾਂ ਦੀਆਂ ਰਚਨਾਵਾਂ ਅਕਸਰ ਉਹਨਾਂ ਦੇ ਪਰਚੇ ਵਿਚ ਛਪਦੀਆਂ ਸਨ, ਨਾਲ ਨੇੜਤਾ ਬਹੁਤ ਵੱਧ ਗਈ ਸੀ ਜੋ ਦੋਸਤੀ ਵਿਚ ਬਦਲ ਗਈ ਸੀ। ਹਰ ਸਮੇਂ ਇਕੱਠੇ ਰਹਿਣਾ, ਵਿਚਾਰ ਗੋਸ਼ਟੀਆਂ ਕਰਨੀਆਂ, ਖਾਣ-ਪੀਣ ਵੀ ਬਹੁਤ ਵਾਰ ਇਕੱਠੇ ਹੀ ਕਰਦੇ ਸਨ। ਇਹ ਦੋਸਤੀ ਇਕ ਪਰਿਵਾਰਕ ਰਿਸ਼ਤੇ ਵਾਂਗ ਬਣ ਗਈ ਸੀ। ਕਰਤਾਰ ਸਿੰਘ ਸਮਸ਼ੇਰ ਹੁਰਾਂ ਦੇ ਘਰ ਸ: ਜਗਦੇਵ ਸਿੰਘ ਜੱਸੋਵਾਲ ਦਾ ਕਾਫੀ ਆਉਣਾ-ਜਾਣਾ ਰਹਿੰਦਾ ਸੀ ਤੇ ਬਹੁਤ ਅੱਛੇ ਦੋਸਤ ਵੀ ਸਨ। ਇੱਥੇ ਹੀ ਜੱਸੋਵਾਲ ਸਾਹਿਬ ਦੀ ਪ੍ਰੋ. ਮੋਹਨ ਸਿੰਘ ਜੀ ਨਾਲ ਮੁਲਾਕਾਤ ਹੋਈ ਜੋ ਕਿ ਇਕ ਗੂੜ੍ਹੀ ਦੋਸਤੀ ਵਿਚ ਬਦਲ ਗਈ ਤੇ ਫਿਰ ਪ੍ਰੋ: ਮੋਹਨ ਸਿੰਘ ਜੀ ਦੀ 3 ਮਈ, 1978 ਨੂੰ ਮੌਤ ਤੱਕ, ਇਕ ਜੀਵਨ ਦਾ ਲੰਮਾ ਸਫਰ ਤੈਅ ਕਰਦਿਆਂ ਤੋੜ ਤੱਕ ਨਿਭੀ। ਇੱਥੇ ਇਹ ਦੱਸਣਾ ਵੀ ਬਹੁਤ ਜ਼ਰੂਰੀ ਹੈ ਕਿ ਸਰਦਾਰ ਜਗਦੇਵ ਸਿੰਘ ਜੀ ਐਮ. ਏ. ਪੰਜਾਬੀ ਹੋਣ ਕਰਕੇ ਉਨ੍ਹਾਂ ਦੇ ਮਨ ਅੰਦਰ ਪ੍ਰੋ: ਮੋਹਨ ਸਿੰਘ ਜੀ ਬਾਰੇ ਪਹਿਲਾਂ ਹੀ ਇਕ ਬਹੁਤ ਵਧੀਆ ਬਿੰਬ ਬਣਿਆ ਹੋਇਆ ਸੀ। ਇਸੇ ਲਈ ਜੱਸੋਵਾਲ ਜੀ ਪ੍ਰੋ: ਮੋਹਨ ਸਿੰਘ ਜੀ ਨੂੰ ਮਹਾਨ ਕਵੀ ਮੰਨਦੇ ਸਨ ਤੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਪ੍ਰੋ: ਮੋਹਨ ਸਿੰਘ ਜੀ ਅਕਸਰ ਆਪਣੇ ਯਾਰਾਂ ਦੋਸਤਾਂ ਵਿਚ ਕਿਹਾ ਕਰਦੇ ਸਨ ਕਿ 'ਜ਼ਿੰਦਗੀ ਜਿਉਂਦਿਆਂ ਦੀ ਹੀ ਹੈ।'

ਇਕ ਦਿਨ ਪ੍ਰੋ: ਮੋਹਨ ਸਿੰਘ ਜੀ ਨੇ ਜੱਸੋਵਾਲ ਜੀ ਨੂੰ ਆਖਿਆ ਯਾਰ ਗਿਆਨੀ ਜ਼ੈਲ ਸਿੰਘ ਜੀ ਨਾਲ ਤੇਰੀ ਬਹੁਤ ਨੇੜਤੇ ਹੈ, ਤੁਸੀਂ ਮੇਰੇ ਨਾਮ ਤੇ ਸਾਡੀ ਘਰ ਦੀ ਗਲੀ ਦਾ ਨਾਂ 'ਪ੍ਰੋ. ਮੋਹਨ ਸਿੰਘ ਜੀ ਵਾਲੀ ਗਲੀ' ਹੀ ਮਨਜ਼ੂਰ ਕਰਵਾ ਦਿਓ ਤਾਂ ਜੋ ਮਰਨ ਮਗਰੋਂ ਲੋਕ ਯਾਦ ਤਾਂ ਕਰਿਆ ਕਰਨਗੇ। ਅੱਗੋਂ ਜੱਸੋਵਾਲ ਜੀ ਨੇ ਕਿਹਾ ਪ੍ਰੋ: ਸਾਹਿਬ ਤੁਹਾਨੂੰ ਵਿਸਰਨ ਨਹੀਂ ਦਿਆਂਗੇ, ਕੁਝ ਤੁਹਾਡੇ ਲਈ ਅਜਿਹਾ ਕਰਾਂਗੇ ਕਿ ਸਾਰੀ ਦੁਨੀਆਂ ਤੁਹਾਨੂੰ ਯਾਦ ਕਰਿਆ ਕਰੂ। ਖੈਰ! ਕੁਝ ਦਿਨਾਂ ਬਾਅਦ ਜੱਸੋਵਾਲ ਜੀ ਪ੍ਰੋ: ਮੋਹਨ ਸਿੰਘ ਜੀ ਨੂੰ ਆਪਣੇ ਨਾਲ ਲੈ ਕੇ ਗਿਆਨੀ ਜੈਲ ਸਿੰਘ ਜੀ ਨੂੰ ਮਿਲੇ ਤਾਂ ਗਲੀ ਦਾ ਨਾਂ ਪ੍ਰੋ: ਸਾਹਿਬ ਦੇ ਨਾਂ ਤੇ ਰੱਖਣ ਬਾਰੇ ਕਿਹਾ, ਅੱਗੋਂ ਗਿਆਨੀ ਜੈਲ ਸਿੰਘ ਜੀ ਨੇ ਕਿਹਾ, ਪ੍ਰੋ: ਸਾਹਿਬ ਤੁਹਾਡਾ ਸਾਹਿਤ ਦੇ ਖੇਤਰ ਵਿਚ ਇੱਡਾ ਵੱਡਾ ਨਾਂ ਹੈ, ਇਹ ਛੋਟਾ ਜਿਹਾ ਕੰਮ ਮੇਰੇ ਲਈ ਕੁਝ ਵੀ ਨਹੀਂ ਹੈ। ਅਸੀਂ ਤੁਹਾਡੇ ਲਈ ਕੋਈ ਵੱਡਾ ਕੰਮ ਕਰਾਂਗੇ।'' ਇਸ ਤਰ੍ਹਾਂ ਗਿਆਨੀ ਜੀ ਦੇ ਕਹਿਣ ਤੋਂ ਬਾਅਦ ਪ੍ਰੋ: ਸਾਹਿਬ ਤੇ ਜੱਸੋਵਾਲ ਜੀ ਬਾਹਰ ਆ ਗਏ ਤਾਂ ਪ੍ਰੋ: ਸਾਹਿਬ ਕਹਿਣ ਲੱਗੇ, ਯਾਰ ਗਿਆਨੀ ਜੀ ਆਪਾਂ ਨੂੰ ਟਿੱਚਰ ਕਰ ਗਏ ਹਨ, ਇਹਨਾਂ ਨੇ ਕੁਝ ਨਹੀਂ ਕਰਨਾ ਪਰ ਜਦੋਂ ਪ੍ਰੋ: ਮੋਹਨ ਸਿੰਘ ਜੀ ਦੀ ਮੌਤ ਹੋਈ ਤਾਂ ਉਸ ਤੋਂ ਤੁਰੰਤ ਬਾਅਦ ਜੱਸੋਵਾਲ ਸਾਹਿਬ ਨੇ ਗਿਆਨੀ ਜੈਲ ਸਿੰਘ ਨੂੰ ਆਪਣਾ ਕੀਤਾ ਗਿਆ ਵਾਅਦਾ ਯਾਦ ਕਰਵਾਇਆ ਤਾਂ ਉਨ੍ਹਾਂ ਨੇ ਬਿਨਾਂ ਕੋਈ ਦੇਰੀ ਕੀਤਿਆਂ ਇਸ ਦੀ ਮਨਜ਼ੂਰੀ ਦੇ ਕੇ 'ਆਰਤੀ ਚੌਂਕ' ਜੋ ਪ੍ਰੋ: ਮੋਹਨ ਸਿੰਘ ਜੀ ਹੋਰਾਂ ਦੇ ਘਰ ਦੇ ਨਜ਼ਦੀਕ ਹੀ ਸੀ, ਵਿਖੇ ਪ੍ਰੋ: ਮੋਹਨ ਸਿੰਘ ਜੀ ਦਾ 'ਬੁੱਤ' ਸਥਾਪਤ ਕਰਾ ਦਿੱਤਾ।

ਪ੍ਰੋ: ਮੋਹਨ ਸਿੰਘ ਜੀ ਦੀ ਮੌਤ ਤੋਂ ਬਾਅਦ ਜੱਸੋਵਾਲ ਜੀ ਨੇ ਉਹਨਾਂ ਦੇ ਯਾਰਾਂ ਦੋਸਤਾਂ 'ਤੇ ਪ੍ਰੋ: ਮੋਹਨ ਸਿੰਘ ਜੀ ਦੇ ਸਨੇਹੀਆਂ ਨੂੰ ਇਕ ਮੀਟਿੰਗ ਕਰਕੇ ਇਕੱਠਿਆਂ ਕੀਤਾ ਤੇ ਮਤਾ ਪਾਸ ਕੀਤਾ ਕਿ ਆਪਾਂ ਉਹਨਾਂ ਦਾ ਜਨਮ ਦਿਨ ਮਨਾਈਏ ਤੇ ਨਾਲੇ ਉਹਨਾਂ ਦਾ ਹਰ ਸਾਲ ਜਨਮ ਦਿਨ ਮਨਾਉਣ ਲਈ ਇਕ ਕਮੇਟੀ ਬਣਾਈਏ। ਇਸ ਤਰ੍ਹਾਂ ਜੱਸੋਵਾਲ ਜੀ ਦੀ ਅਗਵਾਈ ਵਿਚ 'ਪ੍ਰੋ: ਮੋਹਨ ਸਿੰਘ ਯਾਦਗਾਰੀ ਫਾਊਂਡੇਸ਼ਨ' ਦਾ ਨਿਰਮਾਣ ਬੱਝਿਆ,ਜਿਸ ਨੇ ਹਰ ਸਾਲ ਪ੍ਰੋ: ਮੋਹਨ ਸਿੰਘ ਜੀ ਦੇ ਜਨਮ ਦਿਨ ਨੂੰ ਮਨਾਉਣਾ ਜਾਰੀ ਰੱਖਿਆ ਜੋ ਅੱਜ ਤੱਕ ਲਗਾਤਾਰ ਚੱਲ ਰਿਹਾ ਹੈ। ਇਸ ਫਾਊਂਡੇਸ਼ਨ ਦੇ ਸਰਪ੍ਰਸਤ ਅਤੇ ਪ੍ਰਧਾਨ ਸਰਦਾਰ ਜਗਦੇਵ ਸਿੰਘ ਜੀ ਜੱਸੋਵਾਲ ਨੂੰ ਥਾਪਿਆ ਗਿਆ। ਦੋਵੇਂ ਅਹੁਦੇ ਜੱਸੋਵਾਲ ਜੀ ਕੋਲ ਉਹਨਾਂ ਦੇ ਮਰਦ ਦਮ ਤੱਕ ਰਹੇ। ਜੱਸੋਵਾਲ ਜੀ ਨੇ ਇਸ ਫਾਊਂਡੇਸ਼ਨ ਲਈ ਦਿਨ ਰਾਤ ਇਕ ਕਰ ਦਿੱਤਾ ਤੇ ਉਹਨਾਂ ਦਾ ਜਨਮ ਦਿਨ ਇਕ ਮੇਲੇ ਦੇ ਰੂਪ ਵਿਚ ਪ੍ਰੀਵਰਤਿਤ ਹੋ ਗਿਆ ਤੇ ਪੰਜਾਬ ਦਾ ਸਭ ਤੋਂ ਵੱਡਾ ਇਕ ਇਤਿਹਾਸਕ ਮੇਲਾ ਬਣ ਗਿਆ।

1979 ਤੋਂ ਇਹ ਮੇਲਾ ਲਗਾਤਾਰ 'ਪ੍ਰੋ: ਮੋਹਨ ਸਿੰਘ ਯਾਦਗਾਰੀ ਫਾਊਂਡੇਸ਼ਨ' ਵੱਲੋਂ ਲਗਾਤਾਰ ਲੁਧਿਆਣੇ ਵਿਖੇ 'ਪੰਜਾਬੀ ਵਿਰਾਸਤ ਭਵਨ' ਵਿਚ ਮਨਾਇਆ ਜਾਂਦਾ ਹੈ। 1985 ਵਿਚ ਫਾਊਂਡੇਸ਼ਨ ਨੇ ਆਪਣੇ ਕੋਲੋਂ ਪੈਸੇ ਪਾ ਕੇ 'ਪੰਜਾਬੀ ਵਿਰਾਸਤ ਭਵਨ' ਲਈ ਜਗ੍ਹਾ ਮੁੱਲ ਲਈ ਤੇ ਇਸ ਦੀ ਉਸਾਰੀ ਆਰੰਭ ਕਰਾ ਦਿੱਤੀ। ਇਸ ਵਿਰਾਸਤ ਭਵਨ ਦੇ ਨਿਰਮਾਣ ਦਾ ਕੰਮ ਸਭ ਤੋਂ ਪਹਿਲਾਂ ਜੱਸੋਵਾਲ ਸਾਹਿਬ ਦੇ ਦੋਸਤਾਂ ਦੇ ਮਨਾਂ ਵਿਚ ਆਇਆ ਤੇ ਕਿਹਾ ਕਿ ਜੱਸੋਵਾਲ ਸਾਹਿਬ ਨੇ ਰਾਜਨੀਤੀ ਵਿਚ ਆਪਣਾ ਸਭ ਕੁਝ ਉਜਾੜ ਦਿੱਤਾ ਹੈ। ਇਸ ਭਵਨ ਦੇ ਬਣਨ ਨਾਲ ਜੱਸੋਵਾਲ ਜੀ ਦਾ ਨਾਂ ਸਦਾ ਅਮਰ ਹੋ ਜਾਏਗਾ ਕਿਉਂਕਿ ਸ: ਜਗਦੇਵ ਸਿੰਘ ਜੀ ਜੱਸੋਵਾਲ ਸਭ ਦੇ ਸਾਂਝੇ ਹਨ। ਅੱਜ ਇਹ 'ਪੰਜਾਬੀ ਵਿਰਾਸਤ ਭਵਨ' ਪੰਜਾਬੀ ਸਭਿਆਚਾਰ ਦਾ ਮੁੱਖ ਕੇਂਦਰ ਬਣ ਗਿਆ ਹੈ ਤੇ ਸ਼ਹਿਰੀ ਲੋਕਾਂ ਨੂੰ ਪੇਂਡੂ ਵਿਰਾਸਤ ਨਾਲ ਜੋੜਨ ਦਾ ਇਕ ਵਧੀਆ ਉਪਰਾਲਾ ਹੈ।

(ਬਾਕੀ ਸਫਾਂ 14 ਤੇ)





ਸ: ਜਗਦੇਵ ਸਿੰਘ ਜੱਸੋਵਾਲ ਪਿਛਲੇ ਸਾਲ ਆਪਣੀ ਕੈਲੀਫੋਰਨੀਆ ਫੇਰੀ ਦੌਰਾਨ ''ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼'' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਹੋਰ ਸੱਜਣਾਂ ਨਾਲ। (ਸੱਜੇ) ਜੱਸੋਵਾਲ ਅੰਬੇਦਕਰ ਟਾਈਮਜ਼ ਦੇ ਕਾਰਡ ਨੂੰ ਗਹੁ ਨਾਲ ਦੇਖਦੇ ਹੋਏ। ''ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ'' ਦੇ ਸੰਪਾਦਕ ਨਾਲ ਜੱਸੋਵਾਲ ਦੀ ਇਹ ਮਿਲਣੀ ਯਾਦਗਾਰ ਬਣ ਗਈ।

## ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ 'ਤੇ

# 'ਹੱਥਾਂ ਵਾਂਙ ਕਰਾਰਿਆਂ, ਵੈਰੀ ਮਿੱਤ ਨਾ ਹੋਏ।'



ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਈਸਵੀ ਮੁਤਾਬਕ 7 ਪੋਹ, 1723 ਵਿਕਰਮੀ ਨੂੰ ਪਟਨਾ ਸਾਹਿਬ ਦੀ ਧਰਤੀ ਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਹੋਇਆ ਅਤੇ ਉਹ ਮਨੁੱਖਤਾ ਦੀ ਸੇਵਾ ਤੇ ਰੱਖਿਆ ਕਰਦਿਆਂ 7 ਅਕਤੂਬਰ, 1708 ਈਸਵੀ ਮੁਤਾਬਕ 5 ਕੱਤਕ, 1765 ਵਿਕਰਮੀ ਨੂੰ ਕੋਈ 42 ਸਾਲ ਦੇ ਕਰੀਬ ਉਮਰ ਭੋਗ ਕੇ ਜੋਤੀ-ਜੋਤ ਸਮਾ ਗਏ।

ਆਪ ਨੇ ਮਨੁੱਖਤਾ ਦੀ ਭਲਾਈ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਸਦੀਆਂ ਤੋਂ ਜ਼ੁਲਮ ਦੀ ਮਾਰ ਝੱਲ ਰਹੇ ਦੱਬੇ-ਕੁਚਲੇ ਹਿੰਦੁਸਤਾਨੀ ਸਮਾਜ ਵਿਚ,ਨਵੀਂ ਰੂਹ ਫੂਕ ਕੇ, ਜ਼ਾਲਮਾਂ ਨੂੰ ਕਰਾਰੇ ਹੱਥ ਦਿਖਾ ਕੇ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਦੇ ਡਰ ਨੂੰ ਦੂਰ ਕਰਕੇ ਅਜੋਕੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਸਿਰ ਤੋੜ ਯਤਨ ਕੀਤਾ। ਗੁਰੂ ਜੀ ਕਿੰਨੇ ਮਹਾਨ ਹਨ ਕਿ ਉਹਨਾਂ ਨੇ ਅੱਜ ਤੋਂ ਕੋਈ ਤਿੰਨ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਇਹ ਐਲਾਨ ਕੀਤਾ ਕਿ ਸਮੁੱਚੀ ਮਾਨਵਤਾ ਵਿਚ, ਉਸ ਇਕੋ ਅਕਾਲ-ਪੁਰਖ ਦੀ ਜੋਤ ਕੰਮ ਕਰ ਰਹੀ ਹੈ ਤੇ ਸਭ ਮਨੁੱਖ ਸਮਾਨ ਹਨ। ਉਹਨਾਂ ਨੂੰ ਜਾਤ-ਪਾਤ, ਨਸਲ ਤੇ ਰੰਗ-ਭੇਦ ਦੇ ਆਧਾਰ ਤੇ ਵੰਡਿਆ ਨਹੀਂ ਜਾ ਸਕਦਾ। ਇਸ ਲਈ ਸਾਰੀ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ, ਸਭ ਨੂੰ ਪ੍ਰਮਾਤਮਾ ਦਾ ਰੂਪ ਸਮਝਣ ਦਾ ਸੰਦੇਸ਼ ਦਿੱਤਾ:

ਕੋਈ ਭਇਓ ਮੁੰਡੀਆ ਸੰਨਿਆਸੀ
ਕੋਈ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ,
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਾ ਕੇ 'ਖਾਲਸਾ-ਪੰਥ' ਦੀ ਨੀਂਹ ਰੱਖੀ। 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾਅ ਕੇ 'ਸਿੰਘ' ਸਾਜਿਆ ਤੇ ਉਹਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ-ਚੇਲਾ' ਅਖਵਾਇਆ।

ਗੁਰੂ ਜੀ ਨੇ ਜੋ ਪੰਜ ਪਿਆਰਿਆਂ ਦੀ ਚੋਣ ਕੀਤੀ, ਉਹ ਵੱਖ-ਵੱਖ ਵਰਗਾਂ ਦੇ ਲੋਕ ਸਨ। ਉਹਨਾਂ ਵਿਚ ਖੱਤਰੀ, ਜਾਟ, ਝੀਵਰ, ਛੀਬਾ ਤੇ ਨਾਈ ਵਰਗ ਦੇ ਲੋਕ ਸਨ। (ਹਵਾਲਾ ਗੁਰੂ ਕੀਆ ਸਾਖੀਆਂ: ''ਪ੍ਰਿਥਮੈ ਦੈਆ ਰਾਮ ਸੋਪਤੀ ਖੱਤਰੀ ਬਾਸੀ ਲਹੌਰ ਖਲਾ ਹੂਆ॥ ਪਾਛੈ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ (ਜਫਰਾਬਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨ-ਨਾਥ ਬਾਰੋ-ਬਾਰੀ ਖਲੇ ਹੂਏ।'' ਖੱਤਰੀ ਵਰਗ ਨੂੰ ਛੱਡ ਕੇ ਬਾਕੀ ਚਾਰੇ ਵਰਗਾਂ ਦੇ ਲੋਕ ਦਲਿਤ ਵਰਗ ਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ, ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ 'ਪੰਜ ਪਿਆਰਿਆਂ' ਦੀ ਸਿਧਾਂਤਕ 'ਸੰਸਥਾ' ਤੇ ਨਾ ਤਾਂ ਕੋਈ ਉੱਚ-ਜਾਤੀ ਜਾਂ ਵਰਗ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ 'ਵਿਸ਼ੇਸ਼ ਵਰਗ' ਦਾ ਏਕਾ ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ-ਪ੍ਰਥਾ ਤੇ ਵਿਸ਼ੇਸ਼ ਵਰਗ ਉਤੇ ਇਕ ਭਰਵੀਂ ਸੱਟ ਮਾਰੀ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਜਾਂ ਵਰਗ ਵਿਸ਼ੇਸ਼ ਦੀ ਲੋੜ ਨੂੰ ਨਕਾਰ ਦਿੱਤਾ ਤੇ ਮਾਨਵਵਾਦ ਨੂੰ ਪਹਿਲ ਦਿੱਤੀ।

ਇਸ ਤਰ੍ਹਾਂ ਕਰਕੇ ਗੁਰੂ ਨਾਨਕ ਦੇਵ ਜੀ ਦੀ ਜਾਤ-ਪਾਤ ਤੇ ਵਰਗਵਾਦ ਦੇ ਵਿਰੁੱਧ ਵਿਚਾਰਧਾਰਾ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦਿੱਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼॥

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬੀ ਮਜ਼ਲੂਮਾਂ ਅਤੇ ਨਿਤਾਣਿਆਂ ਦੀ ਰੱਖਿਆ ਕਰਨਾ ਅਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਹਨਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦਾ ਧਰਮ ਯੁੱਧ ਕਰਨ ਦਾ ਕਾਰਨ ਲੋਕਾਂ ਤੇ ਹੋ ਰਹੇ ਜ਼ੁਲਮ-ਜਬਰ ਨੂੰ ਰੋਕਣਾ ਸੀ ਤੇ ਦੁਸ਼ਮਣ ਦਾ ਕਰਾਰੇ ਹੱਥਾਂ ਨਾਲ ਮੁਕਾਬਲਾ ਕਰਕੇ ਉਸ ਦੇ ਦੰਦ ਖੱਟੇ ਕਰਨਾ ਸੀ। ਉਹ ਆਪਣੇ ਜੀਵਨ ਦੇ ਮਨੋਰਥ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾ ਤਹਾ ਤੁਮ ਧਰਮ ਬਿਥਾਰੋ॥
ਦੁਸ਼ਟ ਦੋਖਯਨਿ ਪਕਰਿ ਪਛਾਰੋ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਿਨ॥

ਗੁਰੂ ਜੀ ਨੇ ਅਖੌਤੀ ਧਰਮਾਂ, ਗੁਰੂਆਂ ਦੇ ਪਾਖੰਡ ਦੇ ਪਾਜ ਨੂੰ ਖੂਬ ਉਘਾੜਿਆ। ਉਹਨਾਂ ਨੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ-ਪ੍ਰਸਤੀ, ਤੀਰਥਾਂ 'ਤੇ ਯਾਤਰਾ ਕਰਨੀ ਅਤੇ ਸਮਾਧੀਆਂ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਹਨਾਂ ਕਰਮ-ਕਾਂਡਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ-ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:

ਕਹਾ ਭਯੋ ਜੰ ਦੋਊ ਲੋਚਨ ਮੂੰਦ ਕੈ।
ਬੈਠ ਰਹਿਓ ਬਕ ਧਯਾਨ ਲਗਾਇਓ॥
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ।
ਲੋਕ ਗਇਓ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋ ਬੈਠ ਕੇ।
ਐਸੇ ਹੀ ਐਸ ਸੁ ਬੈਸ ਬਿਤਾਇਓ॥
ਸਾਚ ਕਹੋ ਸੁਨ ਲੇਹ ਸਭੈ।
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥



ਐਚ.ਐਲ.ਕਪੂਰ
916- 587-4002

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਹਨਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ, ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ਵਿਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਂਚ ਦੱਸੀ। ਇਹੀ ਲੋਕ ਗੁਰੂ ਕ੍ਰਿਪਾ ਨਾਲ ਖਾਲਸਾ ਸਜ ਕੇ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ।
ਨਹੀਂ ਮੋ ਸੇ ਗਰੀਬ ਕਰੋਰ ਪਰੈ॥

ਦਸਮ ਪਿਤਾ ਜੀ ਦੀ ਇਹ ਇਕ ਬਹੁਤ ਹੀ ਉਚੀ ਸੋਚ ਦਾ ਨਤੀਜਾ ਹੈ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ। ਖਾਲਸਾ ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮੈਂ ਹਉ ਕਰਉ ਨਿਵਾਸ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਅਤੇ ਰਹਿਬਰਾਂ ਵਾਂਗ ਉਹਨਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਹਨਾਂ ਅਕਾਲ-ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦੇ ਕੇ ਇਸ ਵਿਚੋਂ ਇਕ ਵਧੀਆ ਜੀਵਨ-ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਿਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ, ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀਆਂ ਮਨੁੱਖੀ ਜੀਵਨ ਨੂੰ ਵਧੀਆ ਮਾਨਵ ਬਣਾਉਣ ਲਈ ਦਿੱਤੀਆਂ ਸਿੱਖਿਆਵਾਂ ਤੇ ਸਿਧਾਂਤਾਂ ਨੂੰ ਜੀਵਨ ਵਿਚ ਅਪਣਾ ਕੇ ਅਮਲੀ ਰੂਪ ਦੇਣਾ ਹੈ ਤੇ ਪਾਖੰਡਾਂ, ਅੰਧ-ਵਿਸ਼ਵਾਸਾਂ ਤੇ ਪੂਜਾ ਪਾਠਾਂ ਦੀਆਂ ਵਿਧੀਆਂ ਤੋਂ ਦੂਰ ਰਹਿਣਾ ਹੈ। 'ਬਚਿੱਤਰ ਨਾਟਕ' ਵਿਚ ਇਸ ਪ੍ਰਤੀ ਆਪਣੇ ਵਿਚਾਰ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ॥
ਮੋ ਕੋ ਦਾਸ ਤਵਨ ਕਾ ਜਾਨੋ॥
ਯਾ ਮੈ ਭੇਦੁ ਨਾ ਰੰਚ ਪਛਾਣੋ॥

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ ਅਨੁਸਾਰ: ''ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਹਨਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ ਅਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।''

ਉਹਨਾਂ ਦਾ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿਜੀ ਗਰਜ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਅਕਾਲ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿੱਤ੍ਰ ਨਾਟਕ' ਵਿਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ॥'

ਗੁਰੂ ਜੀ ਨੇ ਜੰਗਾਂ ਦੇ ਮੈਦਾਨ ਵਿਚ ਸਿਰਫ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉਤਰ ਦਿੱਤਾ। ਇਹੋ ਜਿਹਾ ਉਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। 'ਪੰਥ ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:-

ਇਨ ਪੁਤਰਨ ਕੇ ਸੀਸ ਪਰ,
ਵਾਰ ਦੀਏ ਸੁਤ ਚਾਰ॥
ਚਾਰ ਮੋਏ ਤੋ ਕਿਆ ਹੂਯਾ,
ਜੀਵਤ ਕਈ ਹਜ਼ਾਰ॥

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ, ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰਾਂ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਦੇਖਿਆ, ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:-

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆਂ ਦਾ ਓਡਣ,
ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰ ਪਿਆਲਾ,
ਭੱਠ ਖੇੜਿਆਂ ਦਾ ਰਹਿਣਾ॥

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਹਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖੂਨ ਵਹਾਉਣ ਵਿਚ ਰੱਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ:

''ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁਲ ਹੋ ਜਾਂਦਾ।'' ਅੱਜ ਵੀ ਸਾਰੀ ਦੁਨੀਆਂ ਵਿਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀਕਲਾ ਵਿਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਜੋਗੀ ਵਰਗ ਸ਼ਾਇਰ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ: ''ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ।''

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਨਾਲ ਹੀ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਹਨਾਂ ਦੇ ਦਰਬਾਰ ਵਿਚ 52 ਸਾਹਿਤਕਾਰ ਸਨ, ਜੋ ਰਾਤ ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ। ਗੁਰੂ ਜੀ ਨੇ ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਇਕ ਗ੍ਰੰਥ ਦੇ ਰੂਪ ਵਿਚ ਸੰਗ੍ਰਹਿ ਕਰਕੇ ਸੰਭਾਲਣ ਦਾ ਉਪਰਾਲਾ ਵੀ ਕੀਤਾ ਤੇ ਉਸ ਮਹਾਨ ਗ੍ਰੰਥ ਦਾ ਨਾਂ 'ਵਿਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌਂ ਮਣ ਦੇ ਕਰੀਬ ਸੀ, ਜੋ ਗੁਰੂ ਜੀ ਦੇ ਆਨੰਦਪੁਰ ਛੱਡਣ ਉਪਰੰਤ, ਸਰਸਾ ਨਦੀ ਪਾਰ ਕਰਦਿਆਂ, ਹੜ੍ਹ ਆਉਣ ਕਾਰਨ ਦਰਿਆ ਵਿਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਪੰਜਾਬੀ ਸਾਹਿਤ ਦਾ ਗੁਰੂ ਜੀ ਦੇ ਸਮੇਂ ਦਾ ਇਕ ਅਮੀਰ ਸਾਹਿਤਕ ਖ਼ਜ਼ਾਨਾ ਸੀ।

ਗੁਰੂ ਜੀ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਇਸ ਪ੍ਰਕਾਰ ਹਨ। ਪੰਜਾਬੀ ਵਿਚ 'ਚੰਡੀ ਦੀ ਵਾਰ' ਜੋ ਸਿੰਘਾਂ ਨੂੰ ਜੰਗਾਂ-ਯੁੱਧਾਂ ਲਈ ਤਿਆਰ ਕਰਨ ਲਈ ਢਾਡੀਆਂ ਦੁਆਰਾ ਗਾ ਕੇ ਸੁਣਾਈ ਜਾਂਦੀ ਸੀ। ਇਸ ਵੀਰ ਰਸੀ ਵਾਰ ਦੀ ਰਚਨਾ ਦਾ ਉਦੇਸ਼ ਹੀ ਮਨੁੱਖ ਵਿਚ ਆਪਣੇ ਅਧਿਕਾਰਾਂ ਦੀ ਪ੍ਰਾਪਤੀ, ਧਰਮ ਦੀ ਰੱਖਿਆ ਲਈ ਜ਼ਾਲਮ ਨੂੰ ਕਰਾਰੇ ਹੱਥ ਦਿਖਾ ਕੇ ਹੀ ਮਿੱਤਰਤਾ ਦਾ ਰਸਤਾ ਅਪਣਾਉਣ ਤੇ ਜ਼ੁਲਮ ਦਾ ਰਸਤਾ ਛੱਡਣ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ। ਪੰਜਾਬੀ ਵਿਚ ਇਕੋ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਹੈ। 'ਜ਼ਫਰਨਾਮਾ' ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ ਵਿਚ ਫਾਰਸੀ ਜੁਬਾਨ ਦੀ ਇਕ ਮਹਾਨ ਕਲਾਕ੍ਰਿਤ ਹੈ। 'ਬਚਿਤ੍ਰ ਨਾਟਕ' ਗੁਰੂ ਜੀ ਦੀ ਸਵੈ ਜੀਵਨੀ ਦੇ ਰੂਪ ਵਿਚ ਹੈ।

ਦੁਨੀਆਂ ਦੇ ਇਤਿਹਾਸ ਵਿਚ ਸਿਰਫ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ-ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨੀ ਲਿਖੀ ਹੈ। ਇਸ ਵਿਚ ਉਨ੍ਹਾਂ ਦੀ 32 ਸਾਲ ਦੀ ਉਮਰ ਤੱਕ ਦੇ ਜੀਵਨ-ਸਮਾਚਾਰ ਦਰਜ ਹਨ। ਇਹਨਾਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਸਾਹਿਤਕ ਰਚਨਾਵਾਂ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ ਵਿਚ ਕ੍ਰਾਂਤੀ ਲਿਆਉਣ ਲਈ ਮਨੁੱਖਤਾ ਵਿਚ ਕ੍ਰਾਂਤੀਕਾਰੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ 14 ਲੜਾਈਆਂ ਲੜੀਆਂ ਹਨ। ਉਹਨਾਂ ਨੇ ਪਹਿਲਾਂ ਆਪ ਕਦੇ ਵੀ ਕਿਸੇ ਤੇ ਹਮਲਾ ਨਹੀਂ ਕੀਤਾ, ਸਗੋਂ ਜੋ 'ਪੰਥ ਖਾਲਸਾ' ਦੇ ਦੋਖੀ ਸਨ ਤੇ ਜਿਨ੍ਹਾਂ ਤੋਂ ਖ਼ਾਲਸੇ ਦੀ ਚੜ੍ਹਤ ਬਰਦਾਸ਼ਤ ਨਹੀਂ ਹੁੰਦੀ ਸੀ ਤੇ ਸਿੱਖ ਧਰਮ ਦੀ ਵਧਦੀ ਹੋਈ ਪ੍ਰਸਿੱਧਤਾ ਨੂੰ ਨਫ਼ਰਤ ਕਰਦੇ ਸਨ, ਵੱਲੋਂ ਹੀ ਹਮੇਸ਼ਾ ਗੁਰੂ ਜੀ ਤੇ ਹਮਲੇ ਕਰਦੇ ਸਨ। ਇਹ ਜੰਗਾਂ ਉਹਨਾਂ ਨੇ ਜ਼ਮੀਨ ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ, ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਹਨਾਂ ਤੇ ਹੋ ਰਹੇ ਜ਼ੁਲਮਾਂ ਤੇ ਖਾਤਮੇ ਲਈ ਲੜੀਆਂ।

ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਰਾਜ ਨੂੰ ਲੋਕ-ਹਿੱਤ ਵਿਚ ਚਲਾਵੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ:- 'ਨਮੋ ਜੁੱਧ ਜੁਧੋ' ਕਹਿੰਦੇ ਹਨ। ਔਰੰਗਜ਼ੇਬ ਨੂੰ ਉਹ 'ਜਫਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:-

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ, ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ। ਜਿਨ੍ਹਾਂ ਨੇ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਅਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਵਾਉਣ ਲਈ ਤਿਆਰ-ਬਰ-ਤਿਆਰ ਹੋ ਗਏ:-

ਚਿੜੀਓ ਸੇ ਮੈਂ ਬਾਜ ਤੁੜਵਾਊ॥
ਤਬੈ ਗੋਬਿੰਦ ਸਿੰਘ ਨਾਮ ਕਹਾਊ॥

ਆਓ! ਗੁਰੂ ਜੀ ਦੇ ਜਨਮ ਦਿਨ ਤੇ ਇਹ ਪ੍ਰਣ ਕਰੀਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ 'ਸਮਾਜਿਕ ਬਰਾਬਰੀ' ਦੇ ਸਿਧਾਂਤ ਉਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰਾਂਗੇ, ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦੇ ਸਿਧਾਂਤ ਨੂੰ ਮਾਨਵਤਾ ਵਿਚ ਮਾਨਵਵਾਦ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ।

ਸਮਾਜ ਵਿਚ ਕਮਜ਼ੋਰ ਤੇ ਗਰੀਬ ਆਦਮੀਆਂ ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕ-ਰਾਜੀ ਕਦਰਾਂ-ਕੀਮਤਾਂ ਨਾਲ ਟਾਕਰਾ ਕਰਾਂਗੇ। ਸਮਾਜ ਵਿਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ।

ਗੁਰੂ ਸਾਹਿਬਾਨ ਦੇ ਅੰਤਰ ਰਾਸ਼ਟਰਵਾਦੀ ਨਾਅਰੇ 'ਸਰਬੱਤ ਦਾ ਭਲਾ' ਨੂੰ ਅੰਤਰ ਰਾਸ਼ਟਰਵਾਦੀ ਭਾਵਨਾ ਪੈਦਾ ਕਰਨ ਲਈ, ਸਿਰਤੋੜ ਯਤਨ ਕਰਾਂਗੇ। ਔਰਤ ਨੂੰ ਸਮਾਜ ਵਿਚ ਇੱਜ਼ਤ ਤੇ ਬਰਾਬਰੀ ਦਾ ਹੱਲ ਦਿਆਂਗੇ। ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤੱਵਾਂ ਨੂੰ ਪਛਾਣਦੇ ਹੋਏ ਮਾਨਵ ਹਿੱਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ ਤੇ ਚੱਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ।ਇਹਨਾਂ ਉਕਤ ਅਮਲਾਂ ਨਾਲ ਹੀ ਗੁਰੂ ਸਾਹਿਬਾਨ ਵੱਲੋਂ ਸਿਰਜਿਆ ਗਿਆ ਵਧੀਆ ਮਾਨਵ ਬਣਨ ਦਾ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਵਾਂਗੇ।

ਮੇਰੇ ਵੱਲੋਂ ਭਾਰਤ ਦੀ ਮਹਾਨ ਸ਼ਖਸੀਅਤ, ਸਰਬੰਸਦਾਨੀ, ਵਿਦਵਤਾ ਦੇ ਮੁਜੱਸਮੇ, ਇਨਕਲਾਬੀ ਯੋਧੇ, ਕਰਮਜੋਗੀ, ਸੰਤ-ਸਿਪਾਹੀ, ਮਰਦ-ਅਗੰਮੜੇ, ਸਾਹਿਬ-ਏ-ਕਮਾਲ ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ 'ਤੇ ਸਮੁੱਚੀ ਲੋਕਾਈ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

ਫ਼ਤਹਿਗੜ੍ਹ ਸਾਹਿਬ - ਸਾਹਿਬ-ਏ-ਕਮਾਲ, ਸਰਬੰਸਦਾਨੀ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਲਖ਼ਤੇ ਜਿਗਰ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਗਿਆ।ਆਰੰਭਤਾ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਨੇ ਕੀਤੀ ਅਤੇ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਲਿਆ। ਉਪਰੰਤ ਪੰਜ ਸਿੰਘ ਸਾਹਿਬਾਨ ਦੀ ਅਗਵਾਈ ਹੇਠ ਸੰਗਤਾਂ ਵੱਲੋਂ ਸ੍ਰੀ ਜਪੁਜੀ ਸਾਹਿਬ ਦੇ ਜਾਪੁ ਕਰਨ ਉਪਰੰਤ ਸਵੇਰੇ 9.00 ਵਜੇ ਪੰਜ ਪਿਆਰੇ ਸਾਹਿਬਾਨ ਤੇ ਪੰਜ ਨਿਸ਼ਾਨਚੀ ਸਾਹਿਬਾਨ ਨੂੰ ਗੁਰੂ-ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਨਗਰ ਕੀਰਤਨ ਲਈ ਰਵਾਨਾ ਕੀਤਾ ਗਿਆ। ਫੁੱਲਾਂ ਨਾਲ ਸਜੀ ਹੋਈ ਸੁਨਹਿਰੀ ਪਾਲਕੀ ਵਾਲੀ ਗੱਡੀ 'ਚ ਸੁਸ਼ੋਭਿਤ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸੱਚਖੰਡ ਸ੍ਰੀ ਹਰਿਮ-'ਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਚੌਰ ਸਾਹਿਬ ਦੀ ਸੇਵਾ ਨਿਭਾਈ।ਇਸ ਸਮੇਂ ਧਾਰਮਿਕ ਸ਼ਖਸੀਅਤਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸ਼੍ਰੋਮਣੀ ਅਕਾਲੀ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ, ਬਾਬਾ ਹਰਨੇਕ ਸਿੰਘ ਰਾੜਾ ਸਾਹਿਬ ਵਾਲੇ,



ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਹਰਪਾਲ ਸਿੰਘ, ਬਿਧੀ ਚੰਦ ਸੰਪਰਦਾ ਦੇ ਬਾਬਾ ਅਵਤਾਰ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਤੋਂ ਇਲਾਵਾ ਹੋਰ ਨਿਹੰਗ ਸਿੰਘ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।ਨਗਰ ਕੀਰਤਨ 'ਚ ਧਾਰਮਿਕ ਸਭਾ ਸੁਸਾਇਟੀਆਂ, ਗੱਤਕਾ ਪਾਰਟੀਆਂ, ਵੱਖ-ਵੱਖ ਸਕੂਲਾਂ/ਕਾਲਜਾਂ ਦੇ ਬੈਂਡ ਅਤੇ ਵੱਡੀ ਗਿਣਤੀ 'ਚ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੀਆਂ ਹੋਈਆਂ ਪੈਦਲ ਸੰਗਤਾਂ ਨੇ ਸ਼ਮੂਲੀਅਤ ਕੀਤੀ।ਨਗਰ ਕੀਰਤਨ ਮਾਤਾ ਗੁਜਰੀ ਕਾਲਜ, ਜ਼ਿਲ੍ਹਾ ਕਚਹਿਰੀਆਂ, ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਪੁੱਲਾਂ, ਬਾਬਾ ਜੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸੀਨੀਅਰ ਸੈਕੰਡਰੀ ਸਕੂਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਜੋਤੀ ਸਰੂਪ ਪੁੱਜ ਕੇ ਅਰਦਾਸ ਉਪਰੰਤ ਸੰਪੰਨ ਹੋਇਆ।

ਨਗਰ ਕੀਰਤਨ ਦੀ ਸਮਾਪਤੀ ਉਪਰੰਤ ਗੁਰ-ਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਸਜਾਏ ਗਏ ਦੀਵਾਨ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਛੋਟੇ ਸਾ-ਹਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀਆਂ ਵਿਲੱਖਣ ਸ਼ਹਾਦਤਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਅੱਜ ਸਿੱਖ ਕੌਮ ਮੋਤੀ ਰਾਮ ਮਹਿਰਾ ਤੇ ਦੀਵਾਨ ਟੋਡਰ ਮੱਲ ਦੇ ਸ਼ਲਾਘਾਯੋਗ ਉਪਰਾ-ਲਿਆਂ ਅੱਗੇ ਸਿਰ ਝੁਕਾਉਂਦੀ ਹੈ। ਉਨ੍ਹਾਂ ਕਿਹਾ ਕਿ ਸਾਡਾ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਨਗਰ ਕੀਰਤਨ ਵਿੱਚ ਸ਼ਾਮਲ ਹੋਣਾ ਤਾਂ ਹੀ ਸਫਲਾ ਹੈ ਜੇਕਰ ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਬਾਣੀ ਅਤੇ ਬਾਣੇ ਦੇ ਧਾਰਨੀ ਬਣਾਂਗੇ।

# ਕਤਲੇਆਮ ਸਨ 1984 ਦੇ ਸਿੱਖ ਵਿਰੋਧੀ ਦੰਗੇ: ਰਾਜਨਾਥ ਸਿੰਘ

ਨਵੀਂ ਦਿੱਲੀ- ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ 1984 ਦੇ ਦੰਗਿਆਂ ਨੂੰ ਸਿੱਖ ਕਤਲੇਆਮ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਦੇ ਸਾਜ਼ਿਸ਼ ਘਾੜਿਆਂ ਨੂੰ ਅਜੇ ਵੀ ਸਜ਼ਾਵਾਂ ਦੇਣੀਆਂ ਬਾਕੀ ਹਨ। ਕਤਲੇਆਮ ਪੀੜਤਾਂ ਦੀ ਬਹੁਤਾਤ ਵਾਲੀ 'ਤਿਲਕ ਵਿਹਾਰ' ਕਲੋਨੀ ਵਿੱਚ ਦਿੱਲੀ ਸਰਕਾਰ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਉਨ੍ਹਾਂ 17 ਸਿੱਖ ਵਿਧਵਾਵਾਂ ਨੂੰ 5-5 ਲੱਖ ਰੁਪਏ ਦੇ ਮੁਆਵਜ਼ੇ ਦੇ ਚੈੱਕ ਵੰਡੇ। ਸ੍ਰੀ ਰਾਜਨਾਥ ਸਿੰਘ ਨੇ ਕਿਹਾ,''ਮੈਨੂੰ ਪਤਾ ਹੈ ਕਿ ਜਦੋਂ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਪੀੜਤਾਂ ਨੂੰ ਰਾਹਤ ਨਹੀਂ ਮਿਲੇਗੀ। ਮੈਂ ਤੁਹਾਨੂੰ ਭਰੋਸਾ ਦਿੰਦਾਂ ਹਾਂ ਕਿ ਸਰਕਾਰ ਤੁਹਾਡੇ ਨਾਲ ਹੈ ਅਤੇ ਹਮੇਸ਼ਾ ਨਾਲ ਰਹੇਗੀ।'' ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੌਰਾਨ ਸੈਂਕੜੇ ਬੇਕਸੂਰ ਲੋਕ ਮਾਰੇ ਗਏ। 'ਕਤਲੇਆਮ ਪੀੜਤਾਂ ਦੇ ਦਰਦ ਦਾ ਮੁੱਲ ਨਹੀਂ ਲਾਇਆ ਜਾ ਸਕਦਾ ਭਾਵੇਂ ਉਸ ਲਈ ਕਰੋੜਾਂ ਰੁਪਏ ਕਿਉਂ ਨਾ ਦੇ ਦਿੱਤੇ ਜਾਣ।' ਸਿੱਖਾਂ ਨੂੰ ਇਨਸਾਫ਼ ਦਿਵਾਉਣ ਬਾਰੇ ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਰਿਟ-ਾਇਰਡ ਜੱਜ ਦੀ ਅਗਵਾਈ ਹੇਠ 'ਸ਼ਿਕਾਇਤ ਨਿਵਾਰਨ ਕਮੇਟੀ' ਬਣਾਈ ਗਈ ਹੈ ਜੋ ਪੀੜਤਾਂ ਨੂੰ ਦਰਪੇਸ਼ ਦਿੱਕਤਾਂ ਦੀ ਸੁਣਵਾਈ ਕਰਕੇ ਉਨ੍ਹਾਂ ਦੇ ਹੱਲ ਲਈ ਯੋਗ ਸੁਝਾਅ ਸਰਕਾਰ ਨੂੰ ਦੇਵੇਗੀ। ਉਨ੍ਹਾਂ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਵੀ ਯਾਦ ਕੀਤਾ। ਪ੍ਰੋਗਰਾਮ ਦੌਰਾਨ ਦਿੱਲੀ ਦੇ ਉਪ-ਰਾਜਪਾਲ ਨਜੀਬ ਜੰਗ, ਸੰਸਦ ਮੈਂਬਰ ਪ੍ਰਵੇਸ਼ ਕੁਮਾਰ, ਸਾਹਿਬ ਸਿੰਘ ਵਰਮਾ, ਦਿੱਲੀ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਸਤੀਸ਼ ਉਪਾਧਿਆਏ ਅਤੇ ਭਾਜਪਾ ਵਿਧਾਇਕ ਆਰਪੀ ਸਿੰਘ ਵੀ ਹਾਜ਼ਰ ਸਨ। ਪੀੜਤ ਪਰਿਵਾਰਾਂ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਉਪ-ਰਾਜਪਾਲ ਨਜੀਬ ਜੰਗ ਨੇ ਕਿਹਾ ਕਿ 1984 ਦੇ ਕਤਲੇਆਮ ਨੂੰ ਯਾਦ ਕਰਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਉਸ ਦਰਦਨਾਕ ਦੌਰ ਨੂੰ ਯਾਦ ਕਰਕੇ ਹਰ ਸਭਿਅਕ ਵਿਅਕਤੀ ਸ਼ਰਮਿੰਦਾ ਹੋ ਜਾਂਦਾ ਹੈ। ਸੰਸਦ ਮੈਂਬਰ ਪ੍ਰਵੇਸ਼ ਵਰਮਾ ਨੇ ਗ੍ਰਹਿ ਮੰਤਰੀ ਨੂੰ ਕਿਹਾ ਕਿ ਕਤਲੇਆਮ ਪੀੜਤਾਂ ਦੀ ਹਾਲਤ ਤਰਸਯੋਗ ਹੈ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਲੈ ਕੇ ਭਾਜਪਾ ਆਗੂਆਂ ਦਾ ਵਫ਼ਦ 29 ਦਸੰਬਰ ਨੂੰ ਉਨ੍ਹਾਂ ਨਾਲ ਉਚੇਚੇ ਤੌਰ 'ਤੇ ਮੁਲਾਕਾਤ ਕਰੇਗਾ।

ਆਮ ਆਦਮੀ ਪਾਰਟੀ ਨੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਮੁਆਵਜ਼ੇ ਦੇ ਚੈੱਕ ਵੰਡਣ ਦੀ ਕਾਰਵਾਈ ਨੂੰ ਚੋਣਾਂ ਤੋਂ ਪਹਿਲਾਂ ਲਾਲੀਪੌਪ ਦੇਣ ਦਾ ਅਮਲ ਦੱਸਿਆ ਹੈ। 'ਆਪ' ਦੇ ਕਨਵੀਨਰ ਆਸ਼ੂਤੋਸ਼ ਨੇ ਕਿਹਾ ਕਿ ਸਿਰਫ਼ 17 ਲੋਕਾਂ ਨੂੰ ਚੈੱਕ ਵੰਡਣ ਦੀ ਥਾਂ 'ਤੇ ਭਾਜਪਾ ਬਾਕੀ 2733 ਲੋਕਾਂ ਨੂੰ ਵੀ ਮੁਆਵਜ਼ਾ ਦੇਣ ਦੀ ਯੋਜਨਾ ਬਣਾਉਂਦੀ।

# ਮੂਲ ਨਾਨਕਸਾਹੀ ਕੈਲੰਡਰ ਦਾ ਵਿਰੋਧ ਕਰਨ ਦਾ ਸਿੱਧਾ ਮਤਲਬ ਵੱਖਰੀ ਸਿੱਖ ਪਛਾਣ ਦਾ ਵਿਰੋਧ ਕਰਨਾ ਹੈ : ਹਰਦੀਪ ਸਿੰਘ

## ਧਾਰਮਿਕ ਅਹੁਦਿਆਂ ਤੇ ਬੈਠੇ, ਰਾਜਨੀਤਕਾਂ ਦੇ ਗੁਲਾਮ ਆਗੂਆਂ ਤੋਂ ਮੰਗ ਕਰਨ ਦੀ ਥਾਂ, ਪੰਥਕ ਸੋਚ ਨੂੰ ਸਮਰਪਿਤ ਸਿੱਖ ਖੁਦ ਗੁਰਮਤਿ ਅਨੁਸਾਰੀ ਫੈਸਲੇ ਕਰਨ ਦੀ ਵਿਉਂਤਬੰਦੀ ਕਰਨ



**ਅੰਮ੍ਰਿਤਸਰ-** ਸ਼੍ਰੋਮਣੀ ਕਮੇਟੀ ਦੇ ਆਜਾਦ ਮੈਂਬਰ ਸ੍ਰ: ਹਰਦੀਪ ਸਿੰਘ ਨੇ ਕਿਹਾ ਕਿ ਮੂਲ ਨਾਨਕਸਾਹੀ ਕੈਲੰਡਰ ਦਾ ਵਿਰੋਧ ਕਰਨ ਦਾ ਸਿੱਧਾ ਮਤਲਬ ਵੱਖਰੀ ਸਿੱਖ ਪਛਾਣ ਦਾ ਵਿਰੋਧ ਕਰਨਾ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਧਿਰਾਂ ਨੇ ਨਾਨਕਸਾਹੀ ਕੈਲੰਡਰ ਵਿੱਚ ਤਬਦੀਲੀਆਂ ਕੀਤੀਆਂ ਹਨ ਜਾਂ ਬਿਕਰਮੀ ਕੈਲੰਡਰ ਲਾਗੂ ਕਰਨ ਦੀ ਦੁਹਾਈ ਦੇ ਰਹੀਆਂ ਹਨ ਉਹ ਜਾਣੇ ਅਣਜਾਣੇ ਵਿੱਚ ਆਰ ਐਸ ਐਸ ਦਾ ਏਜੰਡਾ ਹੀ ਲਾਗੂ ਕਰ ਰਹੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਪੁਰਬ ਦੀਆਂ ਵੱਖ ਵੱਖ ਤਾਰੀਖਾਂ ਹੋਣ ਕਰਕੇ ਸਿੱਖ ਕੌਮ ਦਾ ਮੌਜੂ ਬਣ ਰਿਹਾ ਹੈ ਜਿਸ ਦੇ ਜੁੰਮੇਵਾਰ ਬ੍ਰਾਹਮਣਵਾਦੀ ਸਿੱਖ ਆਗੂ ਹਨ। ਉਨ੍ਹਾਂ ਕਿਹਾ ਕਿ ਮੂਲ ਨਾਨਕਸਾਹੀ ਕੈਲੰਡਰ ਅਪਨਾਉਣ ਨਾਲ ਗੁਰਪੁਰਬਾਂ ਦੀਆਂ ਤਾਰੀਖਾਂ ਤਾਂ ਪੱਕੀਆਂ ਹੋਣਗੀਆਂ ਹੀ, ਇਸਦੇ ਨਾਲ ਨਾਲ ਸਿੱਖਾਂ ਵਿੱਚ ਅਣਮਤੀਆਂ ਵੱਲੋਂ ਫੈਲਾਏ ਗਏ ਬਹੁਤ ਸਾਰੇ ਭੁਲੇਖੇ ਅਤੇ ਭਰਮ ਵੀ ਦੂਰ ਹੋਣਗੇ। ਸ੍ਰ: ਹਰਦੀਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਧਾਰਾ 25 ਬੀ ਦੇ ਮੁੱਦੇ ਤੇ ਦੋਹਰੀ ਨੀਤੀ ਅਪਨਾ ਕੇ ਸਿੱਖਾਂ ਨੂੰ ਧੋਖਾ ਦੇ ਰਹੇ ਹਨ। ਭਾਜਪਾ ਵੱਲੋਂ ਅੱਖਾਂ ਦਿਖ-ਾਉਣ ਕਰਕੇ ਅਕਾਲੀ ਦਲ ਹੁਣ ਧਾਰਾ 25 ਦੇ ਖਿਲਾਫ ਬੋਲ ਰਿਹਾ ਹੈ ਇਸਦਾ ਮਤਲਬ ਇਹ ਨਹੀਂ ਕਿ ਇਹਨਾਂ ਨੂੰ ਸਿੱਖ ਕੌਮ ਨਾਲ ਪਿਆਰ ਜਾਗ ਪਿਆ ਹੈ।

ਸੰਨ 2003 ਤੋਂ ਜਸਟਿਸ ਵੈਂਕਟਚਲਈਆ ਕਮਿਸਨ ਵੱਲੋਂ ਧਾਰਾ 25 ਬੀ ਵਿੱਚ ਤਬਦੀਲੀ ਦੀ ਸਿਫਾਰਿਸ ਕੀਤੀ ਹੋਈ ਹੈ ਪਰ ਅਕਾਲੀ ਦਲ ਨੇ ਇਸ ਮੁੱਦੇ ਤੇ ਬਿਲਕੁਲ ਤਵੱਜੋ ਨਹੀਂ ਦਿੱਤੀ। ਸੰਨ 2012 ਵਿੱਚ ਅਨੰਦ ਮੈਰਿਜ ਐਕਟ ਮੁੱਦੇ ਤੇ ਸਿੱਖ ਕੌਮ ਨੂੰ ਧੋਖਾ ਦੇਣ ਵਾਲੀ ਲੀਡਰਸਿੱਪ ਹੁਣ ਵੱਖਰੀ ਸਿੱਖ ਪਛਾਣ ਦੀ ਦੁਹਾਈ ਦੇ ਕੇ ਸਿਰਫ ਸਿੱਖਾਂ ਨੂੰ ਭਰਮਾਉਣ ਦੀ ਕੋਸਿਸ ਕਰ ਰਹੀ ਹੈ।

ਸਫਾ 4 ਦੀ ਬਾਕੀ

# 'ਤੂੰ ਭੱਜ ਜਾਣਾ, ਕੰਗਣਾ ਕੱਢ ਦਿਆ'

ਇਸ ਮੇਲੇ ਵਿਚ ਕਵੀਸ਼ਰ, ਢਾਡੀ, ਨਕਲੀਏ, ਭੰਡ, ਰਾਸਧਾਰੀਏ ਤੇ ਕਵਾਲ ਆਪਣੀ ਕਲਾ ਦੇ ਜੌਹਰ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ। ਇਸ ਦੇ ਨਾਲ ਹੀ ਪੰਜਾਬ ਦਾ ਲੋਕ ਨਾਚ ਭੰਗੜਾ ਤੇ ਗਿੱਧੇ ਦੀਆਂ ਟੀਮਾਂ ਵੀ ਲੋਕਾਂ ਦਾ ਮਨੋਰੰਜਨ ਕਰਦੀਆਂ ਹਨ। ਮੇਲੇ ਵਿਚ ਇਕ ਬਹੁਤ ਵਧੀਆ ਤਰੀਕੇ ਨਾਲ ਪੰਜਾਬੀ ਸਭਿਆਚਾਰ ਨੂੰ ਦਿਖਾਉਂਦੀਆਂ ਝਾਕੀਆਂ ਵੀ ਲਗਾਈਆਂ ਜਾਂਦੀਆਂ ਹਨ। ਮੇਲੇ ਦੇ ਆਖਰੀ ਦਿਨ ਨਾਮੀ-ਗ੍ਰਾਮੀ ਕਲਾਕਾਰਾਂ, ਸਾਹਿਤਕਾਰਾਂ ਤੇ ਸਮਾਜ ਲਈ ਚੰਗਾ ਕੰਮ ਕਰਨ ਵਾਲਿਆਂ ਨੂੰ ਸਿਰੋਪੇ ਦੇ ਕੇ ਉਹਨਾਂ ਦਾ ਮਾਣ-ਸਤਿਕਾਰ ਵੀ ਕੀਤਾ ਜਾਂਦਾ ਹੈ ਤਾਂ ਜੋ ਕਲਾਕਾਰਾਂ ਦਾ ਇਸ ਮੇਲੇ ਦੇ ਮਨੋਰੰਜਨ ਲਈ ਹੌਸਲਾ ਵੀ ਵਧਦਾ ਰਹੇ। ਇਸ ਮੇਲੇ ਨੂੰ ਭਾਰਤ ਵਿਚੋਂ, ਬਾਹਰੋਂ ਵਿਦੇਸ਼ਾਂ ਵਿਚੋਂ, ਪੰਜਾਬ ਸਰਕਾਰ ਦੇ ਵਿਭਾਗਾਂ ਵੱਲੋਂ, ਪ੍ਰਾਈਵੇਟ ਅਦਾਰਿਆਂ ਵੱਲੋਂ, ਕਈ ਸਭਿਆਚਾਰਕ ਸੁਸਾਇਟੀਆਂ ਵੱਲੋਂ, ਪੰਜਾਬ ਦੇ ਲੋਕ ਕਲਾਕਾਰਾਂ ਵੱਲੋਂ ਤਨ, ਮਨ ਤੇ ਧੰਨ ਨਾਲ ਸਹਾਇਤਾ ਕੀਤੀ ਜਾਂਦੀ ਹੈ। ਇਹਨਾਂ ਸਭ ਉਪਰਾਲਿਆਂ ਦਾ ਸਿਹਰਾ ਸਭ ਸਰਦਾਰ ਜਗਦੇਵ ਸਿੰਘ ਜੱਸੋਵਾਲ ਹੁਰਾਂ ਨੂੰ ਹੀ ਜਾਂਦਾ ਹੈ, ਕਿਉਂਕਿ ਉਹਨਾਂ ਨੇ ਲਗਾਤਾਰ ਪੰਜਾਬੀ ਸਭਿਆਚਾਰ ਤੇ ਸਾਹਿਤ ਦੀ ਪੁਨਰ ਜਾਗ੍ਰਿਤੀ ਲਈ ਤੇ ਇਸ ਸਭਿਆਚਾਰ ਨੂੰ ਜਿੰਦਾ ਰੱਖਣ ਲਈ ਕੰਮ ਕੀਤਾ ਤੇ ਮੇਲਿਆਂ ਦੀ ਹੋ ਰਹੀ ਅਲੋਪਤਾ ਨੂੰ ਬਚਾਅ ਲਿਆ ਹੈ। ਇਸ ਮੇਲੇ ਨੂੰ ਦੁਨੀਆਂ ਦੇ ਦੂਸਰੇ ਦੇਸ਼ਾਂ ਵਿਚ, ਜਿੱਥੇ-ਜਿੱਥੇ ਵੀ ਪੰਜਾਬੀ ਵੱਸਦੇ ਹਨ, ਉਥੋਂ ਦੇ ਦੇਸ਼ ਵਾਸੀਆਂ ਦੇ ਸਹਿਯੋਗ ਨਾਲ ਆਰੰਭ ਕੀਤਾ। ਅੱਜ ਡੈਨਮਾਰਕ, ਕੈਨੇਡਾ ਤੇ ਅਮਰੀਕਾ ਵਰਗੇ ਮੁਲਕਾਂ ਵਿਚ ਇਹ ਮੇਲਾ ਸ਼ੁਰੂ ਹੋ ਗਿਆ ਹੈ।

ਪੰਜਾਬ ਦੇ ਅਨੇਕਾਂ ਕਲਾਕਾਰ ਜਿਵੇਂ:- ਹਰਭਜਨ ਮਾਨ, ਦਵਿੰਦਰ ਗਰੇਵਾਲ, ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਕੁਲਦੀਪ ਸਿੰਘ ਪਾਰਸ ਤੇ ਹੋਰ ਕਈ ਕਲਾਕਾਰਾਂ ਨੂੰ ਇਸ ਮੇਲੇ ਵਿਚ ਕਲਾਕਾਰੀ ਦੇ ਜੌਹਰ ਦਿਖਾਉਣ ਲਈ ਮੌਕੇ ਦਿੱਤੇ ਤੇ ਅੱਜ ਇਹ ਕਲਾਕਾਰ ਆਪਣੀ ਸਫਲਤਾ ਦਾ ਸਾਰਾ ਸਿਹਰਾ ਜੱਸੋਵਾਲ ਸਾਹਿਬ ਨੂੰ ਹੀ ਦਿੰਦੇ ਹਨ। ਉਹ ਆਖਦੇ ਹਨ ਕਿ ਸਾਨੂੰ ਜੱਸੋਵਾਲ ਸਾਹਿਬ ਨੇ ਉਂਗਲ ਫੜ ਕੇ ਇਸ ਖੇਤਰ ਵਿਚ ਲਿਆਂਦਾ ਤੇ ਇਕ ਸਫਲ ਕਲਾਕਾਰ ਬਣਾਇਆ। ਹਰਭਜਨ ਮਾਨ ਦਾ ਗਾਇਆ ਗਾਣਾ ਜਦੋਂ ਉਹਨਾਂ ਨੇ ਕੈਨੇਡਾ ਦੇ ਸ਼ਹਿਰ ਟਰਾਂਟੋ ਵਿਖੇ 1992 ਵਿਚ ਸੁਣਿਆ ਤਾਂ ਜੱਸੋਵਾਲ ਸਾਹਿਬ ਉਸ ਦੇ ਇਸ ਗਾਏ ਗੀਤ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਕਿਹਾ ਤੇਰੀ ਆਵਾਜ਼ ਇੰਨੀ ਸੁਰੀਲੀ ਹੈ ਤੂੰ ਕੈਨੇਡਾ ਵਿਚ ਬੈਠਾ ਕੀ ਕਰਦਾ ਹੈ, ਭਾਰਤ ਆ ਤੇਰੇ ਚੜ੍ਹਨ ਦੇ ਬਹੁਤ ਚਾਂਸ ਹਨ, ਗਾਣੇ ਦੇ ਬੋਲ ਸਨ:- 'ਚਿੱਠੀਏ ਨੀ ਚਿੱਠੀਏ, ਹੰਝੂਆਂ ਨਾਲ ਲਿਖੀਏ'। ਫਿਰ ਉਸ ਤੋਂ ਬਾਅਦ ਹਰਭਜਨ ਮਾਨ ਭਾਰਤ ਆ ਗਿਆ ਤੇ ਜੱਸੋਵਾਲ ਜੀ ਨੇ ਫਿਰ ਉਹਨਾਂ ਨੂੰ ਪ੍ਰੋ: ਮੋਹਨ ਸਿੰਘ ਮੇਲੇ ਵਿਚ ਚਾਂਸ ਦਿੱਤਾ ਤੇ ਅੱਜ ਉਹ ਇਕ ਬਹੁਤ ਮਸ਼ਹੂਰ ਇਕ ਸਥਾਪਤ ਕਲਾਕਾਰ ਬਣ ਚੁੱਕਾ ਹੈ। ਜੱਸੋਵਾਲ ਜੀ ਨੇ ਇਸ ਮੇਲੇ ਦੀ ਚੜ੍ਹਤ ਇਸ ਤਰ੍ਹਾਂ ਕਾਇਮ ਕੀਤੀ ਕਿ ਪੰਜਾਬ ਦੇ ਪੁਰਾਤਨ ਮੇਲਿਆਂ ਦੀ ਪਰਿਭਾਸ਼ਾ ਹੀ ਬਦਲ ਕੇ ਰੱਖ ਦਿੱਤੀ। ਉਹਨਾਂ ਦੀ ਪੰਜਾਬੀ ਸਭਿਆਚਾਰ ਨਾਲ ਇੰਨੀ ਡੂੰਘੀ ਸਾਂਝ ਸੀ ਕਿ ਉਹ ਅਕਸਰ ਇਹ ਕਿਹਾ ਕਰਦੇ ਸਨ, ਮੇਰੇ ਇਸ ਸਭਿਆਚਾਰ ਨਾਲ ਇਸ ਤਰ੍ਹਾਂ ਦੇ ਸਬੰਧ ਹਨ ਜਿਵੇਂ:-

''ਚੰਨ ਨਾਲ ਚਕੋਰ ਦਾ, ਪਤੰਗ ਨਾਲ ਡੋਰ ਦਾ,<br>
ਬੀਨ ਨਾਲ ਸੱਪ ਦਾ, ਚਾਹ ਨਾਲ ਕੱਪ ਦਾ।''

ਜੱਸੋਵਾਲ ਜੀ ਨੇ ਇਹਨਾਂ ਮੇਲਿਆਂ ਨਾਲ ਵਿਦੇਸ਼ਾਂ ਵਿਚ, ਭਾਰਤ ਵਿਚ ਤੇ ਖਾਸ ਤੌਰ ਤੇ ਪੰਜਾਬ ਵਿਚ ਧਾਰਮਿਕ ਨਿਰਪੱਖਤਾ, ਸਾਂਝੀਵਾਲਤਾ ਤੇ ਕੌਮੀ ਭਾਈਚਾਰਤਾ ਦਾ ਸੰਦੇਸ਼ ਦਿੱਤਾ। ਪੰਜਾਬ ਦੇ ਦੁਖਾਂਤ ਦੇ ਦਿਨਾਂ ਵਿਚ ਜਦੋਂ ਪੱਤਾ ਵੀ ਨਹੀਂ ਸੀ ਹਿੱਲਦਾ, ਬੜੀ ਨਿਡਰਤਾ ਨਾਲ ਇਹ ਮੇਲੇ ਹਰ ਸਾਲ ਕਰਵਾ ਕੇ ਇਸ ਦੀ ਜੋਤ ਨੂੰ ਨਹੀਂ ਬੁਝਣ ਦਿੱਤਾ ਤੇ ਆਪਣੇ ਇਸ ਸਭਿਆਚਾਰਕ ਮੰਚ ਤੋਂ ਜਿਸ ਦੇ ਉਹ ਪ੍ਰਧਾਨ ਵੀ ਸਨ, ਆਪਣੇ ਦੇਸ਼ ਤੇ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਨੂੰ ਸਭਿਆਚਾਰਕਤਾ ਤੇ ਭਾਈਚਾਰਕਤਾ ਦੀ ਸਾਂਝ ਦਾ ਸੰਦੇਸ਼ ਦਿੱਤਾ। ਉਹ 'ਪੰਜਾਬੀ ਵਿਸ਼ਵ ਮੰਚ' ਦੇ ਵੀ ਪ੍ਰਧਾਨ ਸਨ। ਉਹਨਾਂ ਹੁਣੇ ਹੀ ਇਸੇ ਸਾਲ ਕੈਨੇਡਾ ਦੀ ਬੀ. ਸੀ. ਸਟੇਟ ਦੇ ਸਰੀ ਸ਼ਹਿਰ ਵਿਚ ਪੰਜਵਾਂ ਅਤੇ ਅਮਰੀਕਾ ਦੇ ਲੈਥਰੋਪ (ਕੈਲੇਫੋਰਨੀਆ ਸਟੇਟ) ਦੇ ਸ਼ਹਿਰ ਵਿਚ ਪਹਿਲੇ ਪ੍ਰੋ: ਮੋਹਨ ਸਿੰਘ ਮੇਲੇ ਵਿਚ ਆਪਣੀ ਹਾਜ਼ਰੀ ਲੁਆ ਕੇ ਉਥੋਂ ਦੇ ਪ੍ਰਬੰਧਕਾਂ ਤੇ ਲੋਕਾਂ ਨੂੰ ਇਸ ਮੇਲੇ ਦੀ ਮਹਾਨਤਾ,ਇਸ ਦੁਆਰਾ ਪੰਜਾਬੀ ਸਭਿਆਚਾਰ ਦੀ ਇੱਥੋਂ ਦੇ ਨੌਜਵਾਨਾਂ ਨੂੰ ਚਿਣਗ ਲਾ ਕੇ ਤੇ ਇਸ ਸਭਿਆਚਾਰ ਤੇ ਸਾਹਿਤ ਨੂੰ ਜਿੰਦਾ ਰੱਖਣ ਲਈ ਆਪਣੀਆਂ ਸ਼ੁਭ ਇੱਛਾਵਾਂ ਤੇ ਆਸ਼ੀਰਵਾਦ ਦਿੱਤਾ।

ਉਹਨਾਂ ਨੂੰ ਇਸ ਮੇਲੇ ਦਾ ਇਤਨਾ ਭੂਤ ਸਵਾਰ ਸੀ ਕਿ ਨਾ ਦਿਨ ਦੇਖਦੇ ਨਾ ਰਾਤ ਦੇਖਦੇ ਤੇ ਬੱਸ ਚਲੋ-ਚਲੋ ਹੀ ਜਾਰੀ ਰੱਖਦੇ। ਉਹ ਕੀ ਗਰੀਬ ਤੇ ਕੀ ਅਮੀਰ ਕਲਾਕਾਰ ਨਾ ਦੇਖਦੇ ਹਰ ਇਕ ਦੇ ਦੁੱਖ-ਸੁੱਖ ਵਿਚ ਹਾਜ਼ਰ ਹੁੰਦੇ। ਗਰੀਬ ਕਲਾਕਾਰ ਦੀ ਪੈਸੇ ਨਾਲ ਵੀ ਮਦਦ ਕਰਦੇ। ਹਰ ਇਕ ਦੇ ਜੰਮਣ-ਮਰਨ ਵਿਚ, ਦੁੱਖ-ਸੁੱਖ ਵਿਚ ਸ਼ਾਮਲ ਹੁੰਦੇ। ਕਈ ਵਾਰ ਉਹਨਾਂ ਦੇ ਮਾਤਾ ਜੀ ਉਹਨਾਂ ਨੂੰ ਵਰਜਦੇ ਵੀ ਕਿ ਇੰਨੀ ਦੌੜ-ਭੱਜ ਕਿਉਂ ਕਰਦਾ ਹੈ ਪਰ ਉਹ ਆਪਣੀ ਮਾਤਾ ਜੀ ਦੀ ਇਕ ਨਾ ਸੁਣਦੇ ਤੇ ਆਪਣੀ ਮਾਤਾ ਜੀ ਨੂੰ ਕਹਿੰਦੇ ਕਿ 'ਮੈਂ ਘਰ ਬੈਠਾ ਬਿਮਾਰ ਹੋ ਜਾਂਦਾ ਹਾਂ।' ਉਹ ਆਪਣੇ ਨਜ਼ਦੀਕੀਆਂ ਨੂੰ ਕਹਿੰਦੇ ਹੁੰਦੇ ਸਨ ਕਿ ਮੈਨੂੰ ਘਰੋਂ ਆਵਾਜ਼ ਮਾਰ ਲਿਓ। ਘਰ ਵਿਚ ਆਏ ਲੋਕਾਂ ਲਈ ਚਾਹ-ਪਾਣੀ ਤੇ ਲੰਗਰ ਹਮੇਸ਼ਾ ਤਿਆਰ ਮਿਲਦਾ ਸੀ। ਉਹਨਾਂ ਨੇ ਘਰੇਲੂ ਨੌਕਰ ਨੂੰ ਆਵਾਜ਼ ਮਾਰਨ ਲਈ ਇਕ 'ਭੌਂਪੂ' ਰੱਖਿਆ ਹੋਇਆ ਸੀ ਜੋ ਅਕਸਰ ਫੇਰੀ ਵਾਲੇ ਆਪਣੇ ਕੋਲ ਆਪਣੀ ਆਵਾਜ਼ ਨੂੰ ਉੱਚਾ ਕਰਨ ਲਈ ਕਿ ਉਹਨਾਂ ਦਾ ਹੋਕਾ ਦੂਰ-ਦੂਰ ਤੱਕ ਸੁਣੇ। ਜਦ ਵੀ ਉਹ ਨੌਕਰ ਨੂੰ ਆਵਾਜ਼ ਮਾਰਦੇ ਤਾਂ ਭੌਂਪੂ ਵਿਚ ਦੀ ਮਾਰਦੇ ਨੌਕਰ ਦੂਰ ਵੀ ਹੋਵੇ ਤਾਂ ਉਸ ਨੂੰ ਜੱਸੋਵਾਲ ਦੀ ਹੀ ਆਵਾਜ਼ ਸੁਣ ਪੈਂਦੀ ਸੀ ਤੇ ਉਹ ਝੱਟ ਦੌੜਾ ਆਉਂਦਾ ਤੇ ਪੁੱਛਦਾ, ਦੱਸੋ ਸਰਦਾਰ ਜੀ ਕੀ ਲਿਆਵਾਂ। ਉਹਨਾਂ ਕੋਲ ਹਰ ਸਮੇਂ ਕਲਾਕਾਰਾਂ, ਪੱਤਰਕਾਰਾਂ ਤੇ ਰਾਜਨੀਤਿਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ ਤੇ ਆਮ ਸਧਾਰਨ ਆਦਮੀ ਵੀ ਆਪਣਾ ਕੰਮ ਕਰਾਉਣ ਲਈ ਆਉਂਦੇ ਰਹਿੰਦੇ ਸਨ ਤੇ ਉਹ ਕਿਸੇ ਨੂੰ ਖਾਲੀ ਨਾ ਮੋੜਦੇ।

ਉਹਨਾਂ ਦੀ ਮੌਤ ਤੇ ਅਨੇਕਾਂ ਕਲਾਕਾਰਾਂ, ਲਿਖਾਰੀਆਂ, ਸੰਸਥਾਵਾਂ ਤੇ ਪੰਜਾਬ ਸਰਕਾਰ ਨੇ ਉਹਨਾਂ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕੀਤੇ। ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਜੀ ਨੇ ਆਪਣੇ ਸ਼ੋਕ ਸੁਨੇਹੇ ਵਿਚ ਕਿਹਾ ਕਿ ''ਸਰਦਾਰ ਜਗਦੇਵ ਸਿੰਘ ਜੀ ਜੱਸੋਵਾਲ ਦੀ ਮੌਤ ਨਾਲ ਉਹਨਾਂ ਨੂੰ ਡੂੰਘਾ ਸਦਕਾ ਹੋਇਆ ਹੈ ਕਿ ਉਹਨਾਂ ਦੀ ਮੌਤ ਨਾਲ ਪੰਜਾਬੀ ਸਭਿਆਚਾਰ ਤੇ ਸਾਹਿਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹਨਾਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਜਿੰਦਾ ਰੱਖਣ ਲਈ ਦੇਸ਼ ਤੇ ਵਿਦੇਸ਼ਾਂ ਵਿਚ ਬਹੁਤ ਕੰਮ ਕੀਤਾ ਹੈ। ਉਹ ਸਾਹਿਤ ਤੇ ਸਭਿਆਚਾਰ ਦੇ ਰਾਜਦੂਤ ਸਨ। ਉਹ ਇਕ ਪੂਰਨ ਸੰਸਥਾ ਸਨ ਤੇ ਸਰਵ-ਪੱਖੀ ਵਿਅਕਤੀਤਵ ਦੇ ਮਾਲਕ ਸਨ, ਜਿਹਨਾਂ ਨੇ ਪੰਜਾਬ ਦੀ ਸਿਆਸਤ, ਲੋਕ ਭਲਾਈ ਲਈ ਤੇ ਸਭਿਆਚਾਰ ਤੇ ਸਾਹਿਤ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ। ਮੈਂ ਪੰਜਾਬ ਦੇ ਇਸ ਮਹਾਨ ਸਪੂਤ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ 'ਤੇਰਾ ਭਾਣਾ ਮੀਠਾ ਲਾਗੈ' ਨਾਲ ਆਪਣਾ ਲੇਖ ਸਮਾਪਤ ਕਰਦਾ ਹਾਂ।

# ਅਮਰੀਕੀ ਸਿੱਖਾਂ ਨੇ ਓਬਾਮਾ ਨੂੰ ਭੇਜੀ ਪਟੀਸ਼ਨ

ਵਾਸ਼ਿਗਟਨ— ਅਮਰੀਕੀ ਸਿੱਖ ਸੰਗਠਨ 'ਸਿੱਖ ਫਾਰ ਜਸਟਿਸ' ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਇਕ ਆਨਲਾਈਨ ਪਟੀਸ਼ਨ ਭੇਜ ਕੇ ਭਾਰਤ ਦੌਰੇ ਦੌਰਾਨ ਸਿੱਖ ਭਾਈਚਾਰਿਆਂ ਦੇ ਮੁੱਦੇ ਚੁੱਕਣ ਦੀ ਮੰਗ ਕੀਤੀ ਹੈ। ਇਸ ਪਟੀਸ਼ਨ 'ਤੇ ਹੁਣ



ਤੱਕ 1 ਲੱਖ ਤੋਂ ਜ਼ਿਆਦਾ ਲੋਕ ਹਸਤਾਖਰ ਕਰ ਚੁੱਕੇ ਹਨ। ਸਿੱਖ ਸੰਗਠਨ ਨੇ ਇਹ ਆਨਲਾਈਨ ਪਟੀਸ਼ਨ ਇਕ ਦਸੰਬਰ ਤੋਂ ਜਾਰੀ ਕੀਤੀ ਸੀ ਅਤੇ ਅਪੀਲ ਕੀਤੀ ਸੀ ਕਿ ਓਬਾਮਾ ਆਪਣੇ ਭਾਰਤ ਦੌਰਾਨ ਸਵਾਲ ਰੱਖਣ ਕਿ ਭਾਰਤੀ ਸੰਵਿਧਾਨ ਸਿੱਖਾਂ ਨੂੰ ਹਿੰਦੂਆਂ ਦੇ ਦਾਇਰੇ ਵਿਚ ਕਿਉਂ ਰੱਖਦਾ ਹੈ? ਇਸ ਦੇ ਨਾਲ ਹੀ ਸਿੱਖਾਂ ਦੀ ਮੰਗ ਸੀ ਕਿ ਓਬਾਮਾ 84 ਦੇ ਦੰਗਿਆਂ ਨਾਲ ਸੰਬੰਧਤ ਮੁੱਦੇ ਵੀ ਚੁੱਕਣ। ਇਸ ਪਟੀਸ਼ਨ 'ਤੇ ਇਕ ਮਹੀਨੇ ਤੋਂ ਘੱਟ ਸਮੇਂ ਵਿਚ 1,14,000 ਹਸਤਾਖਰਾਂ ਦਾ ਟੀਚਾ ਪਾਰ ਕਰਨ ਕਰਕੇ ਵਾਈਟ ਹਾਊਸ ਵੀ ਇਸ ਪਟੀਸ਼ਨ 'ਤੇ ਵਿਚਾਰ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕੀ ਯਾਤਰਾ ਦੌਰਾਨ ਵੀ ਅਜਿਹੀ ਹੀ ਇਕ ਆਨਲਾਈਨ ਪਟੀਸ਼ਨ ਜਾਰੀ ਕੀਤੀ ਗਈ ਸੀ।

# ਧਰਮ ਪ੍ਰੀਵਰਤਨ ਅਤੇ ਵੱਖਰੀ ਹੋਂਦ ਦੇ ਮੁੱਦਿਆਂ ਨਾਲ ਨਾ ਖੇਡੋ!



-ਹਰਮੇਸ਼ ਜੱਸਲ
94644-83080

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਹਿੰਦੂਵਾਦੀ ਸੰਗਠਨਾਂ ਦੀ ਚੜ੍ਹ ਮੱਚ ਗਈ ਹੈ। ਉਹ ਸੱਤਾ ਦੇ ਨਸ਼ੇ 'ਚ ਆਪੇ ਤੋਂ ਬਾਹਰ ਹੋ ਰਹੇ ਹਨ। ਦੇਸ਼ ਵਾਸੀਆਂ ਨੇ 'ਅੱਛਾ ਦਿਨਾਂ' ਦੀ ਕਾਮਨਾ 'ਚ ਮੋਦੀ ਸਰਕਾਰ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਸੀ, ਉਹਨਾਂ 'ਚ ਘੱਟ ਗਿਣਤੀਆਂ ਦੇ ਲੋਕ ਵੀ ਸ਼ਾਮਲ ਸਨ। ਪਰ ਸਮਾਂ ਬੀਤਣ ਨਾਲ ਸਭ ਮੁੱਦੇ ਛਾਂਊ-ਮਾਂਊ ਹੋ ਗਏ ਹਨ ਜਾਂ ਸਰਕਾਰ ਨੇ ਆਪਣਾ ਗੁਪਤ ਏਜੰਡਾ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦੀ ਸ਼ੁਰੂਆਤ ਖੁਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 'ਗੀਤਾ ਭੇਂਟ' ਕਰਕੇ ਕੀਤੀ ਸੀ ਅਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ 'ਗੀਤਾ' ਨੂੰ ਰਾਸ਼ਟਰੀ ਗ੍ਰੰਥ ਐਲਾਨਣ ਨਾਲ 'ਹਿੰਦੂਤਵ' ਦਾ ਏਜੰਡਾ ਸਾਹਮਣੇ ਆ ਗਿਆ। ਅਜਿਹੀ ਹਾਲਤ 'ਚ ਬਾਕੀ ਲੋਕ ਕਿਵੇਂ ਚੁੱਪ ਬੈਠ ਸਕਦੇ ਹਨ। ਉਹ ਵੀ ਮੈਦਾਨ 'ਚ ਨਿੱਤਰ ਆਏ ਅਤੇ ਆਪ ਹੁਦਰੀਆਂ ਕਰਨ ਲੱਗ ਪਏ। ਜਿਸਦੇ ਜੋ ਮੂੰਹ ਆਇਆ ਕਹਿਣ ਲੱਗ ਪਿਆ।ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਰਪ੍ਰਸਤ ਅਸ਼ੋਕ ਸਿੰਘਲ ਨੇ ਕਿਹਾ ਕਿ ਰਾਜਪੂਤ ਰਾਜੇ ਪ੍ਰਿਥਵੀ ਰਾਜ ਚੌਹਾਨ ਦੀ 12ਵੀਂ ਸ਼ਤਾਬਦੀ ਵਿਚ ਹਾਰ ਤੋਂ ਬਾਅਦ 800 ਸਾਲਾਂ ਬਾਅਦ ਹੁਣ ਹਿੰਦੂ ਦਿੱਲੀ 'ਚ ਸੱਤਾ ਵਿਚ ਆਏ ਹਨ। ਹੁਣ ਅਸੀਂ ਕਹਿ ਸਕਦੇ ਹਾਂ ਕਿ ਸਾਡੀ ਸਰਕਾਰ ਹੈ, ਜੋ ਹਿੰਦੂਤਵ ਦੀ ਰਾਖੀ ਲਈ ਵਚਨਬੱਧ ਹੈ। ਸਾਡੀਆਂ ਕਦਰਾਂ ਕੀਮਤਾਂ ਹੌਲੀ ਹੌਲੀ ਬਹਾਲ ਹੋ ਜਾਣਗੀਆਂ। ਅਸੀਂ ਇਕ ਅਜਿੱਤ ਹਿੰਦੂ ਸਮਾਜ ਬਣਾਉਣਾ ਚਾਹੁੰਦੇ ਹਾਂ। ਧਰਮ ਪ੍ਰੀਵਰਤਨ ਦੇ ਮੁੱਦੇ ਉਪਰ ਉਹਨਾਂ ਨੇ ਆਪਣੇ ਵਿਚਾਰ ਜ਼ਾਹਿਰ ਕਰਦਿਆਂ ਕਿਹਾ ਕਿ ਦੁਨੀਆਂ 'ਚ ਇਸਾਈ ਅਤੇ ਮੁਸਲਮਾਨਾਂ ਕਰਕੇ ਹੀ ਯੁੱਧ ਹੁੰਦੇ ਹਨ। ਯੂਰਪ 'ਚ ਇਸਲਾਮਿਕ ਅੱਤਵਾਦ ਦੇ ਖਤਰੇ ਨੂੰ ਭਾਂਪਦਿਆਂ ਕਿਹਾ ਕਿ ਵੱਖ ਵੱਖ ਸ਼ਕਤੀਆਂ ਆਪੋ-ਆਪਣਾ ਦਬਾਅ ਬਣਾਉਣ ਦੀ ਕੋਸ਼ਿਸ਼ 'ਚ ਹਨ, ਜਿਸ ਤੋਂ ਲੱਗਦਾ ਹੈ ਕਿ ਵਿਸ਼ਵ ਯੁੱਧ ਯਕੀਨੀ ਹੈ। ਦੁਬਾਰਾ ਧਰਮ ਪਰਿਵਰਤਨ ਇਕ ਅਮੁੱਕ ਪ੍ਰਕਿਰਿਆ ਹੈ ਜੋ ਲੋਕਾਂ ਦੀ ਮਰਜ਼ੀ ਨਾਲ ਜਾਰੀ ਰਹੇਗੀ ਤਾਂ ਕਿ ਹਿੰਦੂਆਂ ਨੂੰ ਆਪਣੇ ਹੀ ਦੇਸ਼ 'ਚ ਘੱਟ ਗਿਣਤੀ ਬਣਨ ਤੋਂ ਰੋਕਿਆ ਜਾ ਸਕੇ। ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ ਨੇ 'ਵਿਸ਼ਵ ਹਿੰਦੂ ਵਾਰਤਾ' ਕਿਤਾਬ ਜਾਰੀ ਕਰਦੇ ਹੋਏ ਕਲਕੱਤਾ ਵਿਖੇ ਕਿਹਾ ਕਿ ਭਾਰਤ ਹਿੰਦੂ ਰਾਸ਼ਟਰ ਹੈ ਅਤੇ ਜਿਹੜੇ ਭੁੱਲੇ ਭਟਕੇ ਲੋਕ ਵਾਪਸ ਚਲੇ ਗਏ ਹਨ, ਉਹਨਾਂ ਨੂੰ ਵਾਪਸ ਹਿੰਦੂ ਧਰਮ 'ਚ ਲੈ ਕੇ ਆਉਣ ਦੀ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਅਸੀਂ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਜਾਂਦੇ। ਹਿੰਦੂ ਸਮਾਜ ਹੁਣ ਜਾਗ ਪਿਆ ਹੈ। ਹਿੰਦੂ ਸਮਾਜ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ। ਕੇਂਦਰੀ ਮੰਤਰੀ ਸਾਧਣੀ ਨਿਰੰਜਨ ਜੋਤੀ ਨੇ ਕਿਹਾ ਕਿ ਸਿਆਮ ਸੁੰਦਰ (ਭਾਵ ਸ਼੍ਰੀ ਕ੍ਰਿਸ਼ਨ) ਦੇ ਸੁਦਰਸ਼ਨ ਚੱਕਰ ਦੇ ਸਾਹਮਣੇ ਜੋ ਆਵੇਗਾ, ਉਹ ਬਚੇਗਾ ਨਹੀਂ। ਉਠੋ, ਕ੍ਰਿਸ਼ਨ ਵਾਂਗ ਤੁਹਾਨੂੰ ਵੀ ਜੰਗ ਦਾ ਸੰਘ ਵਜਾਉਣਾ ਪਵੇਗਾ। ਇੱਥੇ ਸ਼ਾਂਤੀ ਨਾਲ ਸ਼ਾਂਤੀ ਨਹੀਂ ਹੋਵੇਗੀ। ਸਾਧਣੀ ਨੇ ਇੱਥੇ ਹੀ ਬੱਸ ਨਹੀਂ ਕੀਤੀ, ਦਿੱਲੀ ਦੇ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇ 'ਚ ਭਾਜਪਾ ਦੀ ਚੋਣ ਰੈਲੀ 'ਚ ਸਮੁੱਚੇ ਦੇਸ਼ ਨੂੰ 'ਰਾਮ' ਦੀ ਸੰਤਾਨ ਦੱਸਿਆ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਨੂੰ ਨਿਸ਼ਾਨਾ ਬਣਾ ਕੇ ਜਨਤਾ ਨੂੰ 'ਰਾਮਜ਼ਾਦੇ' ਜਾਂ 'ਹਰਾਮ ਜ਼ਾਦੇ' 'ਚੋਂ ਇਕ ਨੂੰ ਚੁਣਨ ਲਈ ਕਿਹਾ ਸੀ। ਇੱਥੋਂ ਤੱਕ ਕਿ ਉਹਨਾਂ ਇਕ ਟੀ. ਵੀ. ਮੁਲਾਕਾਤ 'ਚ ਵੀ ਕਿਹਾ ਸੀ ਕਿ ਇਸ ਦੇਸ਼ ਦੇ ਸਾਰੇ ਲੋਕ 'ਰਾਮ ਦੀ ਸੰਤਾਨ' ਹਨ ਅਤੇ ਜਿਹਨਾਂ ਨੂੰ 'ਰਾਮ ਉਤੇ ਯਕੀਨ ਨਹੀਂ ਹੈ, ਉਹਨਾਂ ਨੂੰ ਭਾਰਤ ਉਤੇ ਵੀ ਯਕੀਨ ਨਹੀਂ ਹੈ।' ਇਸ ਤੋਂ ਬਾਅਦ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦਿੱਲੀ ਲਾਲ ਕਿਲੇ ਉਪਰ ਹੋਏ ਪ੍ਰੋਗਰਾਮ 'ਚ ਕਿਹਾ ਕਿ ਮੈਂ ਭਾਗਵਤ ਗੀਤਾ ਨੂੰ 'ਰਾਸ਼ਟਰੀ ਗ੍ਰੰਥ' ਐਲਾਨਣ ਦੀ ਬੇਨਤੀ ਕਰਦੀ ਹਾਂ। ਮੈਂ ਇੱਥੇ ਬਤੌਰ ਵਿਦੇਸ਼ ਮੰਤਰੀ ਨਹੀਂ ਆਈ ਬਲਕਿ ਗੀਤਾ ਸਾਧਕ ਦੇ ਰੂਪ 'ਚ ਸ਼ਾਮਲ ਹੋਈ ਹਾਂ। ਮੈਂ ਗੀਤਾ ਦੀ ਵਜ੍ਹਾ ਕਰਕੇ ਹੀ ਮੰਤਰੀ ਪਦ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੀ ਹਾਂ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟੜ ਨੇ 2015 ਨੂੰ 'ਗੀਤਾ ਜੈਅੰਤੀ' ਦੇ ਰੂਪ ਵਿਚ ਮਨਾਉਣ ਦਾ ਐਲਾਨ ਕੀਤਾ ਅਤੇ 'ਗੀਤਾ ਜੈਅੰਤੀ' ਦਾ ਬਜਟ 1 ਕਰੋੜ ਤੋਂ ਵਧਾ ਕੇ 2 ਕਰੋੜ ਰੁਪਏ ਕਰ ਦਿੱਤਾ। ਭਾਜਪਾ ਸੰਸਦ ਮੈਂਬਰ ਸ਼ਾਕਸੀ ਮਹਾਰਾਜ ਵਰਗੇ ਵੀ ਹਨ ਜੋ ਨੱਥੂ ਰਾਮ ਗੋਡਸੇ ਨੂੰ 'ਦੇਸ਼ ਭਗਤ' ਕਹਿ ਕੇ ਮੁੱਕਰ ਵੀ ਜਾਂਦੇ ਹਨ। ਬਾਬਾ ਰਾਮਦੇਵ ਨੇ ਯੋਗ ਦਾ ਸਹਾਰਾ ਲੈ ਕੇ ਦੇਸ਼ 'ਚ ਹਿੰਦੂ ਧਰਮ ਨੂੰ ਫੈਲਾਉਣ ਦਾ ਬੀੜਾ ਚੁੱਕਿਆ ਹੈ। ਹੋਰ ਵੀ ਬਹੁਤ ਸਾਰੇ ਹਿੰਦੂਵਾਦੀ ਕੱਟੜ ਸੋਚ ਦੇ ਧਾਰਨੀ ਹਨ, ਜਿਹਨਾਂ ਨੇ 'ਸਮੇਂ ਬੱਧ ਸੀਮਾ' ਤੱਕ ਸਭਨਾਂ ਇਸਾਈਆਂ ਅਤੇ ਮੁਸਲਮਾਨਾਂ ਨੂੰ ਮੁੜ ਕੇ ਧਰਮ ਪਰਿਵਰਤਨ ਦੁਆਰਾ ਹਿੰਦੂ ਧਰਮ 'ਚ ਸ਼ਾਮਲ ਕਰਨ ਦਾ ਬੀੜਾ ਚੁੱਕਿਆ ਹੈ। ਜਿਹੜੇ ਪਹਿਲਾਂ ਹਿੰਦੂ ਧਰਮ ਨੂੰ ਛੱਡ ਕੇ ਮੁਸਲਮਾਨ ਜਾਂ ਇਸਾਈ ਬਣ ਗਏ ਸਨ। ਇਸੇ ਲੜੀ ਦੀ ਇਕ ਘਟਨਾ ਆਗਰਾ ਵਿਖੇ ਵਾਪਰੀ, ਜਿਸ ਵਿਚ 200 ਦੇ ਲੱਗਭੱਗ ਮੁਸਲਮਾਨਾਂ ਨੂੰ ਮੁੜ 'ਘਰ ਵਾਪਸੀ' ਦਾ ਨਾਂ ਦੇ ਕੇ ਹਿੰਦੂ ਧਰਮ 'ਚ ਸ਼ਾਮਲ ਕਰ ਲਿਆ ਹੈ। ਜਦਕਿ ਅਖ਼ਬਾਰਾਂ 'ਚ ਅਜਿਹੀਆਂ ਖਬਰਾਂ ਛਪੀਆਂ ਹਨ ਕਿ ਸਬੰਧਤ ਪਰਿਵਾਰਾਂ ਨੂੰ, ਜਿਹੜੇ ਗਰੀਬੀ ਦੀ ਮਾਰ ਹੇਠ ਹਨ ਅਤੇ ਬੰਗਲਾਦੇਸ਼ੀ ਮੁਸਲਮਾਨ ਕਹੇ ਜਾਂਦੇ ਹਨ, ਪੈਸੇ, ਬੀ. ਪੀ. ਐਲ ਰਾਸ਼ਨ ਕਾਰਡ, ਪਲਾਟ ਆਦਿ ਦੇਣ ਦੇ ਅਖੌਤੀ ਵਾਅਦੇ ਕੀਤੇ ਸਨ। ਇਹੋ ਜਿਹੀਆਂ ਖਬਰਾਂ ਵੀ ਛਪੀਆਂ ਕਿ ਇਕ ਮੁਸਲਮਾਨ ਨੂੰ ਹਿੰਦੂ ਬਣਾਉਣ 'ਚ 5 ਲੱਖ ਰੁਪਏ ਅਤੇ ਇਕ ਇਸਾਈ ਨੂੰ ਹਿੰਦੂ ਬਣਾਉਣ 'ਚ 2 ਲੱਖ ਰੁਪਏ ਦਾ ਖਰਚ ਆਉਂਦਾ ਹੈ। ਫਿਰ ਵੀ ਭਾਜਪਾ ਮੈਂਬਰ ਸੰਸਦ ਯੋਗੀਰਾਜ ਅਦਿੱਤਯਾਨੰਦ ਨੇ ਅਲੀਗੜ੍ਹ ਵਰਗੇ ਸ਼ਹਿਰਾਂ 'ਚ ਇਹੋ ਜਿਹੇ ਧਰਮ ਪਰਿਵਰਤਨ ਕਰਾਉਣ ਦੇ ਐਲਾਨ ਕੀਤੇ ਹਨ। ਇਸ ਤੋਂ ਇਲਾਵਾ ਹਿੰਦੂਵਾਦ ਦੇ ਮੁੱਖ ਏਜੰਡੇ 'ਚ ਹਿੰਦੂ ਸੰਸਕ੍ਰਿਤੀ ਨੂੰ ਬਚਾਉਣ ਲਈ 'ਗਾਂ,ਗੰਗਾ ਅਤੇ ਗਾਇਤ੍ਰੀ' ਨੂੰ ਬਚਾਉਣ ਦੇ ਨਾਅਰੇ ਲਾਏ ਜਾ ਰਹੇ ਹਨ। ਸੰਸਕ੍ਰਿਤ ਭਾਸ਼ਾ ਨੂੰ ਤੀਜੀ ਭਾਸ਼ਾ ਦੇ ਰੂਪ ਵਿਚ ਲਾਗੂ ਕਰਕੇ 'ਸੰਪੂਰਨ ਹਿੰਦੂ ਰਾਜ' ਕਾਇਮ ਕਰਨ ਦੇ ਉਦੇਸ਼ ਨਾਲ ਕੰਮ ਜਾਰੀ ਹੈ। ਉਪਰੋਂ ਆਯੁਰਵੇਦ ਅਤੇ ਯੋਗ ਨੂੰ ਅੰਤਰ ਰਾਸ਼ਟਰੀ ਪੱਧਰ ਉਪਰ ਪ੍ਰਚਾਰਿਆ ਜਾ ਰਿਹਾ ਹੈ।

ਉਪਰੋਕਤ ਕਾਰਵਾਈਆਂ ਨਾਲ ਦੇਸ਼ ਦੀਆਂ ਘੱਟ ਗਿਣਤੀਆਂ- ਮੁਸਲਮਾਨਾਂ, ਇਸਾਈਆਂ, ਸਿੱਖਾਂ ਅਤੇ ਬੋਧੀਆਂ 'ਚ ਖਲਬਲੀ ਮੱਚ ਗਈ ਹੈ। ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ। ਦੇਸ਼ ਦਾ ਰਾਜਨੀਤਿਕ ਮਾਹੌਲ ਗਰਮ ਹੋ ਗਿਆ ਹੈ। ਵਿਰੋਧੀ ਪਾਰਟੀਆਂ ਭਾਜਪਾ ਦੇ ਖਿਲਾਫ ਲਾਮਬੰਦ ਹੋ ਰਹੀਆਂ ਹਨ। ਸੰਸਦ ਦੀ ਕਾਰਵਾਈ ਚੱਲਣ ਨਹੀਂ ਦਿੱਤੀ ਜਾ ਰਹੀ। ਇਕ ਪਾਸੇ ਕਾਂਗਰਸ ਅਤੇ ਦੂਜੇ ਪਾਸੇ ਜਨਤਾ ਪਾਰਟੀ 'ਚੋਂ ਨਿਕਲੇ ਨੇਤਾ - ਲਾਲੂ ਪ੍ਰਸਾਦ ਯਾਦਵ, ਸ਼ਰਦ ਯਾਦਵ, ਮੁਲਾਇਮ ਸਿੰਘ ਯਾਦਵ, ਨਿਤੀਸ਼ ਕੁਮਾਰ ਅਤੇ ਦੇਵਗੌੜਾ ਆਪਸ ਵਿਚ ਜੱਫੀਆਂ ਪਾ ਰਹੇ ਹਨ। ਅਜੇ ਮਾਇਆਵਤੀ ਨੇ ਭਾਜਪਾ ਨੂੰ ਨਿੰਦਣ ਤੋਂ ਇਲਾਵਾ ਕੁਝ ਨਹੀਂ ਕੀਤਾ। ਜੈਲਲਿਤਾ ਅਤੇ ਜੰਮੂ-ਕਸ਼ਮੀਰ ਤੋਂ ਪੀ. ਡੀ. ਪੀ. ਦੀ ਨੇਤਾ ਮਹਿਬੂਬਾ ਮੁਫਤੀ ਵੀ ਦੜਵੱਟੀ ਬੈਠੀਆਂ ਹਨ। ਹਾਲੇ ਕਮਿਊਨਿਸਟਾਂ ਦੀ ਵੀ ਦਾਲ ਮਮਤਾ ਬੈਨਰਜੀ ਨਾਲ ਨਹੀਂ ਗਲ਼ ਰਹੀ। ਅਜੇ ਹੁਣੇ ਹੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੜਾ ਹਾਸੋਹੀਣਾ ਬਿਆਨ ਕਮਿਊਨਿਸਟਾਂ ਦੇ ਖਿਲਾਫ ਦਾਗਿਆ ਹੈ। ਉਸਨੇ ਕਿਹਾ ਕਿ ਉਹ (ਭਾਵ ਕਮਿਊਨਿਸਟ) ਖੁਦ ਤਾਂ ਕੁਝ ਨਹੀਂ ਕਰ ਸਕੇ ਜੋ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਹਨਾਂ ਦੇ ਪਿਛਵਾੜੇ ਬਾਂਸ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਿਹਾ ਕਿ ਬਾਂਸ ਜੰਗਲ 'ਚ ਉਗਦਾ ਹੈ ਅਤੇ ਘਰ ਬਣਾਉਣ ਦੇ ਕੰਮ ਆਉਂਦਾ ਹੈ ਪਰ ਜਦ ਤੁਸੀਂ ਕਿਸੇ ਦੇ ਬਾਂਸ ਦੇਣ ਦੀ ਕੋਸ਼ਿਸ਼ ਕਰਦੇ ਹੋ ਤਾਂ ਉਹ ਮੁੜ ਕੇ ਤੁਹਾਡਾ ਪਿੱਛਾ ਕਰਦਾ ਹੈ, ਤਦ ਪਤਾ ਲੱਗਦਾ ਹੈ ਕਿ ਇਸਦਾ ਅਸਲੀ ਮਜ਼ਾ ਕੀ ਹੈ? ਅਜਿਹੇ ਹਾਲਾਤ 'ਚ ਕਾਂਗਰਸੀ ਪਿਛੋਕੜ ਵਾਲੇ ਰਾਸ਼ਟਰਪਤੀ ਸ੍ਰੀ ਪ੍ਰਣਾਬ ਮੁਖਰਜੀ ਨੇ ਆਪਣੀ ਕਿਤਾਬ ਜਾਰੀ ਕਰਦੇ ਹੋਏ ਕਿਹਾ ਕਿ ਇੰਦਰਾ ਗਾਂਧੀ ਨੂੰ ਐਮਰਜੈਂਸੀ ਲਾਉਣ ਦੀ ਬਹੁਤ ਭਾਰੀ ਕੀਮਤ ਚੁਕਾਉਣੀ ਪਈ ਸੀ ਅਤੇ ਇਹ ਵੀ ਸੁਝਾਅ ਦਿੱਤਾ ਕਿ ਉਪ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਅਹੁਦਿਆਂ ਉਪਰ ਬਿਰਾਜਮਾਨ ਹੋਣ ਵਾਲੇ ਵਿਅਕਤੀ ਰਾਜਸੀ ਸੋਚ ਦੇ ਮਾਲਕ ਹੋਣੇ ਚਾਹੀਦੇ ਹਨ। ਇਸ ਬਿਆਨ ਦਾ ਕੀ ਮਤਲਬ ਹੈ? ਕੀ ਇਹ ਭਾਜਪਾ ਲਈ ਇਸ਼ਾਰਾ ਹੈ ਕਿ ਆਪਣੀਆਂ ਹੱਦਾਂ ਤੋਂ ਬਾਹਰ ਨਾ ਜਾਣਾ! ਨਹੀਂ ਤਾਂ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ!! ਕੀ ਬਿਖਰ ਚੁੱਕੀਆਂ ਵਿਰੋਧੀ ਪਾਰਟੀਆਂ ਨੂੰ ਐਮਰਜੈਂਸੀ ਕਾਲ ਵਾਂਗ ਲਾਮਬੰਦ ਸੰਘਰਸ਼ ਲਈ ਸੱਦਾ ਹੈ? ਜਾਂ ਫਿਰ ਉਹ ਆਪਣੇ ਕਾਂਗਰਸੀ ਅਕਸ ਨੂੰ ਤੋੜਨਾ ਚਾਹੁੰਦੇ ਹਨ? ਜੋ ਵੀ ਹੈ, ਸਾਡੇ ਦੇਸ਼ ਦੇ ਰਾਸ਼ਟਰਪਤੀ ਸੂਪ੍ਰਵਾਨ ਨੀਤੀਵਾਨ ਰਾਜਨੇਤਾ ਰਹਿ ਚੁੱਕੇ ਹਨ। ਉਹ ਡੂੰਘੀ ਸੋਚ ਦੇ ਮਾਲਕ ਹਨ। ਸੰਕਟ ਦੀ ਘੜੀ 'ਚ ਉਹੀ ਦੇਸ਼ ਦੇ ਰਖਵਾਲੇ ਬਣਦੇ ਹਨ। ਤਾਂ ਵੀ ਦੇਸ਼ ਦੀਆਂ ਘੱਟ ਗਿਣਤੀਆਂ ਆਪੋ-ਆਪਣੀ ਵੱਖਰੀ ਹੋਂਦ ਨੂੰ ਕਾਇਮ ਰੱਖਣ ਲਈ ਜਾਗਰੂਕ ਕਰਨ। ਪੰਜਾਬ ਵਿਚ ਭਾਵੇਂ ਅਕਾਲੀ-ਭਾਜਪਾ ਦਾ ਰਾਜਸੀ ਗੱਠਜੋੜ ਹੈ ਪਰ ਧਾਰਮਿਕ ਤੌਰ ਤੇ ਸਿੱਖਾਂ ਨੇ ਕਦੀ ਵੀ ਹਿੰਦੂਆਂ ਦੇ ਵਾਰ-ਵਾਰ ਜਤਾਉਣ ਦੇ ਬਾਵਜੂਦ ਆਪਣੇ ਆਪ ਨੂੰ ਹਿੰਦੂ ਧਰਮ ਦਾ ਹਿੱਸਾ ਨਹੀਂ ਮੰਨਿਆ, ਬਲਕਿ ਉਹ ਆਪਣੀ ਵੱਖਰੀ ਪਹਿਚਾਣ ਲਈ ਜੱਦੋ ਜਹਿਦ ਕਰਦੇ ਰਹਿੰਦੇ ਹਨ। ਹਾਲਾਂਕਿ ਉਹਨਾਂ ਦੀ ਵੱਖਰੀ ਪਹਿਚਾਣ ਦੇ ਚਿੰਨ- ਕੇਸ, ਕੰਘਾ, ਕੜਾ, ਕਿਰਪਾਨ ਅਤੇ ਕੱਛਾ ਹਨ। ਸਭ ਤੋਂ ਵੱਡੀ ਗੱਲ ਉਹਨਾਂ ਦਾ ਆਪਣਾ ਵੱਖਰਾ ਧਾਰਮਿਕ ਗ੍ਰੰਥ, ਵੱਖਰਾ ਨਿਸ਼ਾਨ ਸਾਹਿਬ ਹੈ। ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਉਣ ਵਾਲੇ ਖਤਰੇ ਨੂੰ ਭਾਂਪਦਿਆਂ ਕਿਹਾ ਕਿ ਕੇਂਦਰ ਦੇ ਹਮਲਿਆਂ ਵਿਰੁੱਧ ਘੱਟ ਗਿਣਤੀਆਂ ਨੂੰ ਇਕ ਪਲੇਟਫਾਰਮ ਉਪਰ ਇਕੱਠਾ ਕਰਾਂਗੇ। ਸੰਵਿਧਾਨ ਦੀ ਧਾਰਾ 25ਬੀ ਦੇ ਖਿਲਾਫ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ 'ਸਿੱਖ ਹਿੰਦੂ ਨਹੀਂ" ਆਨਲਾਈਨ ਦਸਤਖਤੀ ਮੁਹਿੰਮ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਲਈ ਪੰਥਕ ਤਾਲਮੇਲ ਸੰਗਠਨ ਨੇ ਕੰਮ ਆਰੰਭ ਕਰ ਦਿੱਤਾ ਹੈ, ਜਿਸ ਦੀ ਹਮਾਇਤ 'ਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ ਅਤੇ ਸ਼੍ਰੋਮਣੀ ਕਮੇਟੀ ਦੀ ਸਿੱਖੀ ਸੰਭਾਲ ਵੱਲੋਂ ਪਾਸਾ ਵੱਟਣ ਲਈ ਨਿਖੇਧੀ ਕੀਤੀ ਜਾ ਰਹੀ ਹੈ ਕਿ ਅਨੇਕਾਂ ਸਿੱਖ ਪਰਿਵਾਰ ਵੀ ਧਰਮ ਬਦਲਣ ਲੱਗੇ ਹਨ, ਜਿਸ ਦਾ ਮੁੱਖ ਕਾਰਨ ਨਸ਼ੇ ਦਾ ਪ੍ਰਭਾਵ, ਬੇਰੁਜ਼ਗਾਰੀ, ਅਨਪੜ੍ਹਤਾ, ਅੰਧ ਵਿਸ਼ਵਾਸ, ਆਰਥਿਕ ਮੰਦਹਾਲੀ ਤੋਂ ਇਲਾਵਾ ਬੱਚਿਆਂ ਲਈ ਮੁਫ਼ਤ ਵਿੱਦਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਨਾ ਕਰਵਾਉਣਾ ਮੰਨਿਆ ਜਾ ਰਿਹਾ ਹੈ, ਜਿਹਨਾਂ ਦਾ ਲਾਭ ਉਠਾ ਕੇ ਧਰਮਾਂ ਦੀ ਅਦਲਾ-ਬਦਲੀ ਹੁੰਦੀ ਰਹਿੰਦੀ ਹੈ। ਅਖਬਾਰ ਦੈਨਿਕ ਭਾਸਕਰ ਨੇ 5 ਦਸੰਬਰ 2014 ਨੂੰ ਇਕ ਰਿਪੋਰਟ ਤਸਵੀਰਾਂ ਸਮੇਤ ਛਾਪੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਕਸਬਾ ਆਦਮਪੁਰ ਨੇੜੇ ਪਿੰਡ ਹਰੀਪੁਰ (ਹੁਸ਼ਿਆਰਪੁਰ) ਦੇ 56 ਪਰਿਵਾਰਾਂ ਦੇ 292 ਮੈਂਬਰਾਂ ਨੇ ਇਸਾਈ ਧਰਮ ਤੋਂ ਮੁੜ ਹਿੰਦੂ ਬਣਾਉਣ ਦਾ ਦਾਅਵਾ ਧਰਮ ਜਾਗਰਣ ਸਮੱਨਵਯ ਵਿਭਾਗ ਪੰਜਾਬ ਦੇ ਕਾਰਕੁੰਨਾਂ ਰਾਮ ਗੋਪਾਲ, ਅਨਿਲ ਮਹਾਜਨ, ਸੰਜੀਵ ਤਲਵਾੜ, ਵਿਵੇਕ ਖੰਨਾ ਅਤੇ ਜਗਦੀਸ਼ ਵਾਸੂਦੇਵ ਨੇ ਕੀਤਾ ਹੈ। ਇਸੇ ਅਖਬਾਰ ਨੇ 26 ਦਸੰਬਰ ਦੇ ਅੰਕ ਵਿਚ ਛਪੀ ਖ਼ਬਰ ਮੁਤਾਬਕ ਸਰਹੱਦੀ ਜ਼ਿਲ੍ਹਿਆਂ 'ਚ 20 ਫੀਸਦੀ ਮਜ਼ਹਬੀ ਸਿੱਖਾਂ ਤੋਂ ਬਣੇ ਇਸਾਈਆਂ ਦੀ 'ਘਰ ਵਾਪਸੀ' ਅਤੇ ਗੁਰਦੁਆਰੇ ਅਤੇ ਮੰਦਰਾਂ ਦੀ ਦੇਖ ਰੇਖ ਦਾ ਕੰਮ ਸ਼ੁਰੂ ਕਰ ਦਿੱਤਾ ਹੈ, ਜਿਹੜੇ ਧਰਮ ਪ੍ਰੀਵਰਤਨ ਤੋਂ ਬਾਅਦ ਬੰਦ ਕਰ ਦਿੱਤੇ ਗਏ ਸਨ? ਆਰ. ਐਸ. ਐਸ. ਸੰਘ ਵੱਲੋਂ ਇਹਨਾਂ ਇਲਾਕਿਆਂ 'ਚ ਧਰਮ ਰਕਸ਼ਾ ਸਮਾਜਿਕ ਚੇਤਨਾ ਯਾਤਰਾ ਦੌਰਾਨ ਮਜ਼ਹਬੀ ਸਿੱਖਾਂ ਅਤੇ ਹਿੰਦੂਆਂ ਤੋਂ ਬਣੇ ਇਸਾਈਆਂ ਨੂੰ ਮੁੜ ਘਰ ਵਾਪਸ ਲਿਆਂਦਾ ਜਾ ਰਿਹਾ ਹੈ। ਉਪਰੋਕਤ ਕਾਰਵਾਈਆਂ ਘੱਟ ਗਿਣਤੀਆਂ 'ਚ ਡਰ ਦਾ ਮਾਹੌਲ ਅਤੇ ਤਣਾਅ ਪੈਦਾ ਹੋਣ ਦਾ ਕਾਰਨ ਬਣਨਗੀਆਂ। ਜਿਸਨੂੰ ਹਰ ਹਾਲਤ ਵਿਚ ਰੋਕਣਾ ਚਾਹੀਦਾ ਹੈ। ਭਾਰਤ ਇਕ ਬਹੁ-ਧਰਮੀ, ਭਾਸ਼ੀ ਅਤੇ ਸਭਿਆਚਾਰਕ ਭਿੰਨਤਾ ਵਾਲਾ ਦੇਸ਼ ਹੈ, ਜਿੱਥੇ ਸੰਵਿਧਾਨ ਬਹੁ-ਗਿਣਤੀਆਂ ਅਤੇ ਘੱਟ ਗਿਣਤੀਆਂ ਦੀਆਂ ਆਪੋ-ਆਪਣੀਆਂ ਜ਼ਿੰਮੇਵਾਰੀਆਂ ਤੋਂ ਇਲਾਵਾ ਹਰੇਕ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਦਿੰਦਾ ਹੈ। ਸੰਵਿਧਾਨ 'ਚ ਸਪਸ਼ਟ ਰੂਪ ਵਿਚ ਦਰਜ ਹੈ ਕਿ ਕਿਸੇ ਵੀ ਨਾਗਰਿਕ ਨਾਲ ਧਰਮ, ਜਾਤ,ਲਿੰਗ, ਭਾਸ਼ਾ, ਖੇਤਰ ਆਦਿ ਦੇ ਆਧਾਰ ਤੇ ਭੇਦਭਾਵ ਨਹੀਂ ਕੀਤਾ ਜਾਵੇਗਾ। ਸਰਕਾਰ ਕਿਸੇ ਦੇ ਧਾਰਮਿਕ ਮਾਮਲੇ 'ਚ ਦਖ਼ਲ-ਅੰਦਾਜ਼ੀ ਨਹੀਂ ਕਰੇਗੀ ਬਲਕਿ ਦੇਸ਼ ਦੀ ਧਰਮ ਨਿਰਪੱਖ, ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ 'ਨਿਰਦੇਸ਼ਕ ਸਿਧਾਂਤਾਂ' ਅਤੇ ਸੰਵਿਧਾਨ ਦੀ ਮੂਲ ਭਾਵਨਾ ਮੁਤਾਬਕ ਕੰਮ ਕਰੇਗੀ। ਹਰੇਕ ਨਾਗਰਿਕ ਦੀ ਜਾਨ-ਮਾਲ ਦੀ ਰਾਖੀ ਉਸ ਦਾ 'ਰਾਜ ਧਰਮ' ਹੋਵੇਗਾ। ਅੱਜ ਦੇਸ਼ ਦੇ ਸਾਹਮਣੇ ਪਹਿਲਾਂ ਹੀ ਜਨਸੰਖਿਆ, ਬੇਰੁਜ਼ਗਾਰੀ, ਕੁਰੱਪਸ਼ਨ, ਸਿਹਤ ਸਹੂਲਤਾਂ ਦੀ ਕਮੀ, ਮਕਾਨਾਂ ਦੀ ਘਾਟ, ਪ੍ਰਦੂਸ਼ਣ, ਪਾਣੀ ਦੀ ਸਮੱਸਿਆ, ਗੰਦਗੀ, ਆਵਾਜਾਈ, ਰੇਲ, ਪੁਲ, ਸੜਕਾਂ, ਹੜ੍ਹ ਅਤੇ ਸੋਕਾ ਵਰਗੇ ਮੁੱਦੇ ਖੜ੍ਹੇ ਹਨ। ਜੇ ਅਸੀਂ ਚਾਹੁੰਦੇ ਹਾਂ ਭਾਰਤ 21ਵੀਂ ਸਦੀ ਵਿਚ ਪ੍ਰਵੇਸ਼ ਕਰੇ, ਉਸ ਲਈ ਉਤਪਾਦਨ ਅਤੇ ਆਯਾਤ ਨਿਰਯਾਤ 'ਚ ਵਾਧਾ ਹੋਣਾ ਜ਼ਰੂਰੀ ਹੈ। ਫਿਰ ਸਾਨੂੰ ਧਰਮ ਪ੍ਰੀਵਰਤਨ ਦੇ ਮੁੱਦੇ ਵਿਸਾਰ ਦੇਣੇ ਚਾਹੀਦੇ ਹਨ, ਕਿਉਂਕਿ ਜਿਹਨਾਂ 'ਅੱਛੇ ਦਿਨਾਂ' ਦੀ ਕਾਮਨਾ ਦੇਸ਼ ਦੇ ਹਰ ਵਰਗ ਅਤੇ ਧਰਮ ਦੇ ਲੋਕਾਂ ਨੇ ਕੀਤੀ ਸੀ, ਉਸ ਨੂੰ ਸਾਕਾਰ ਕਰਨ ਲਈ ਸਹਿਹੋਂਦ ਅਤੇ ਆਪਸੀ ਭਾਈਚਾਰਾ ਅਤੀ ਜ਼ਰੂਰੀ ਹੈ। ਅਜੇ ਉਹ ਸਮਾਂ ਨਹੀਂ ਆਇਆ, ਜਿਸ ਦੀ ਕਲਪਨਾ ਗੁਲਜ਼ਾਰ ਸਾਹਿਬ ਨੇ ਕੀਤੀ ਹੈ ਕਿ 'ਹਰ ਦਵਾ ਦੀ ਇਕ ਐਕਸਪਾਇਰੀ ਡੇਟ ਹੁੰਦੀ ਹੈ, ਉਹ ਡੇਟ ਨਿਕਲ ਜਾਣ ਉਤੇ ਦਵਾਈ ਬਦਲਣੀ ਪੈਂਦੀ ਹੈ। ਅੱਜ ਧਰਮ ਦਾ ਵੀ ਇਹੀ ਹਾਲ ਹੈ। ਇਸ ਦੀ ਐਕਸਪਾਇਰੀ ਡੇਟ ਨਿਕਲ ਗਈ ਹੈ, ਹੁਣ ਦਵਾ ਬਦਲਣ ਦਾ ਸਮਾਂ ਆ ਗਿਆ ਹੈ।' ਕਾਸ਼ ਕਿ ਗੁਲਜਾਰ ਸਾਹਿਬ ਸਭ ਲੋਕ ਤੁਹਾਡੇ ਵਾਂਗ ਸੰਪੂਰਨ ਹੁੰਦੇ! ਤਦ ਤੱਕ ਧਰਮ ਪਰਿਵਰਤਨ ਅਤੇ ਵੱਖਰੀ ਹੋਂਦ ਦੇ ਮੁੱਦਿਆਂ ਨਾਲ ਨਾ ਖੇਡਿਆ ਜਾਵੇ। *(ਸਮਾਪਤ)*




# ਬਾਬੂ ਮੰਗੂ ਰਾਮ ਮੁੱਗੋਵਾਲੀਆ

ਪੰਡਤ ਵੇਦ ਪ੍ਰਕਾਸ਼ ਵਾਟਿਕ

ਇਸ ਪ੍ਰਸੰਗ ਨੂੰ ਖਤਮ ਕਰਨ ਤੋਂ ਪਹਿਲਾਂ ਮੈਂ ਵਿਸ਼ੇਸ਼ ਤੌਰ ਤੇ ਮੰਗੂ ਰਾਮ ਦਾ ਵਰਣਨ ਕਰਨਾ ਚਾਹਾਂਗਾ। ਜਿਵੇਂ ਕਿ ਸ਼ੁਰੂ ਦੇ ਪੰਨਿਆਂ ਵਿਚ ਦੇਖ ਚੁੱਕੇ ਹੋ ਮੰਗੂਰਾਮ ਇਕ ਦਲਿਤ ਸਨ, ਜਿਸਨੂੰ ਗਦਰ ਪਾਰਟੀ ਨੇ ਸਨਮਾਨ ਦਿੱਤਾ, ਮਨੁੱਖ ਦੇ ਰੂਪ ਵਿਚ ਦੇਖਿਆ। ਪਹਿਲੀ ਵਾਰ ਉਹਨਾਂ ਨੂੰ ਮਾਣ ਮਹਿਸੂਸ ਕਰਵਾਇਆ। ਐਨੀ ਤਾਰਸਨ ਅਤੇ ਮੈਕਵਿਕ ਜਹਾਜ਼ਾਂ ਰਾਹੀਂ ਭਾਰਤ ਹਥਿਆਰ ਭੇਜਣ ਵਾਲੇ ਪੰਜ ਭਾਰਤੀਆਂ ਵਿਚੋਂ ਉਹਨਾਂ ਨੂੰ ਚੁਣਿਆ। ਉਹ ਜਹਾਜ਼ ਵਿਚਕਾਰ ਹੀ ਰੋਕ ਲਏ ਗਏ। ਜਰਮਨ ਕੌਂਸਲੇਟ ਦੇ ਜਰੀਏ ਉਹਨਾਂ ਦੀ ਜਾਨ ਬਚੀ। ਉਹ ਇੱਧਰ ਉਧਰ ਸ਼ਰਨ ਲੈਂਦੇ ਰਹੇ। ਬ੍ਰਿਟਿਸ਼ ਸਰਕਾਰ ਉਹਨਾਂ ਨੂੰ ਗੋਲੀ ਨਾਲ ਉਡਾਉਣਾ ਚਾਹੁੰਦੀ ਸੀ ਜਾਂ ਫਾਂਸੀ ਤੇ ਲਟਕਾਉਣਾ ਚਾਹੁੰਦੀ ਸੀ। ਇਕ ਦਿਨ ਇਕ ਅਖਬਾਰ ਵਿਚ ਛਪਿਆ, ਮੰਗੂਰਾਮ ਮਾਰਿਆ ਗਿਆ। ਸ਼ਾਇਦ ਮ੍ਰਿਤਕ ਦੇ ਕੋਲ ਮੰਗੂ ਰਾਮ ਨਾਂ ਦਾ ਪਾਸਪੋਰਟ ਸੀ। ਉਸੇ ਅਖਬਾਰ ਦਾ ਫਾਇਦਾ ਲੈ ਕੇ ਪਹਿਲੇ ਵਿਸ਼ਵ ਯੁੱਧ ਦੇ ਖਤਮ ਹੋਣ ਤੇ ਮੰਗੂ ਰਾਮ ਲੁਕ ਕੇ ਭਾਰਤ ਮੁੜ ਆਇਆ ਅਤੇ ਆਪਣੀ ਜਨਮ ਭੂਮੀ ਪੰਜਾਬ ਪਹੁੰਚਿਆ।

ਪਰ ਉਸਦੀ ਜਨਮ ਭੂਮੀ ਨੇ ਉਸ ਨਾਲ ਮਨੁੱਖ ਵਰਗਾ ਵਤੀਰਾ ਨਹੀਂ ਕੀਤਾ। ਉਹ ਉਥੇ ਜਾ ਕੇ ਫਿਰ ਦਲਿਤ ਹੋ ਗਿਆ, ਤ੍ਰਿਸਕਾਰਿਆ, ਅਪਮਾਨ ਦਾ ਪਾਤਰ।

14 ਜਨਵਰੀ 1886 ਨੂੰ ਮੁੱਗੋਵਾਲ (ਹੁਸ਼ਿਆਰਪੁਰ) ਵਿਚ ਜਨਮੇ ਮੰਗੂ ਰਾਮ, ਜਿਹਨਾਂ ਦੇ ਪਿਤਾ ਹਰਨਾਮਦਾਸ ਚਮੜੇ ਦਾ ਕੰਮ ਕਰਦੇ ਸਨ, ਤਿੰਨ ਸਾਲ ਦੀ ਉਮਰ ਵਿਚ ਹੀ ਮਾਂ ਦੀ ਗੋਦ ਤੋਂ ਵਾਂਝੇ ਹੋ ਗਏ। ਪੜ੍ਹਨ ਬੈਠੇ ਤਾਂ ਕਲਾਸ ਵਿਚ ਸਭ ਤੋਂ ਪਿੱਛੇ ਜਾਂ ਕਮਰੇ ਤੋਂ ਬਾਹਰ ਬਿਠ-'ਇਆ ਗਿਆ। ਭਾਜਵਾੜਾ ਹਾਈ ਸਕੂਲ ਵਿਚ ਕਲਾਸ ਦੇ ਕਮਰੇ ਤੋਂ ਬਾਹਰ ਖਿੜਕੀ ਦੇ ਕੋਲ ਬੈਠ ਕੇ ਪਾਠ ਸੁਣਦੇ। ਇਕ ਵਾਰ ਵਰਖਾ ਹੋਣ ਕਾਰਨ ਕਮਰੇ ਵਿਚ ਆ ਵੜੇ ਤਾਂ ਉਹਨਾਂ ਨੂੰ ਕੁੱਟਿਆ ਗਿਆ ਅਤੇ ਉਹਨਾਂ ਦੇ ਕਾਰਨ ਫਰਨੀਚਰ ਨੂੰ ਧੋਤਾ ਗਿਆ। ਅਧਿਆਪਕਾਂ ਦੇ ਲਗਾਤਾਰ ਨਿਰਉਤਸ਼ਾਹਿਤ ਕਰਨ ਤੇ ਵੀ ਜਿੰਨਾ ਪੜ੍ਹ ਸਕੇ, ਪੜ੍ਹੇ। ਪੜ੍ਹਾਈ ਛੱਡ ਕੇ ਪਿਤਾ ਦੀ ਮਦਦ ਕੀਤੀ। 1909 ਵਿਚ ਇਲਾਕੇ ਦੇ ਬਹੁਤ ਸਾਰੇ ਲੋਕ ਅਮਰੀਕਾ ਆਏ। ਇਕ ਜ਼ਿਮੀਦਾਰ ਦੇ ਸਬੰਧੀ ਦੁਆਰਾ ਕੰਮ ਦਿੱਤੇ ਜਾਣ ਦਾ ਵਾਅਦਾ ਮਿਲਣ ਤੇ ਅਮਰੀਕਾ ਚਲੇ ਗਏ। ਚਾਰ ਸਾਲਾਂ ਤੱਕ ਖੇਤਾਂ/ਮਿਲਾਂ ਵਿਚ ਕੰਮ ਕੀਤਾ। ਗਦਰ ਪਾਰਟੀ ਦੀ ਸਥਾਪਨਾ ਤੋਂ ਬਾਅਦ ਉਸਦੇ ਮੈਂਬਰ ਬਣੇ। ਗਦਰ ਆਸ਼ਰਮ ਵਿਚ ਰਹਿ ਕੇ ਉਹਨਾਂ ਨੂੰ ਅਹਿਸਾਸ ਹੋਇਆ ਕਿ ਉਹ ਇਕ ਨਵੇਂ ਸਮਾਜ ਦੇ ਮੈਂਬਰ ਹਨ, ਜਿੱਥੇ ਸਭ ਦੇ ਨਾਲ ਸਮਾਨਤਾ ਦਾ ਵਿਵਹਾਰ ਹੁੰਦਾ ਹੋਵੇਗਾ। ''ਮੇਰੇ ਲਈ ਤਾਂ ਕ੍ਰਾਂਤੀ ਹੋ ਗਈ, ਜਦੋਂ ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਕਿ ਮੈਂ ਅਛੂਤ ਨਹੀਂ, ਇਕ ਇਨਸਾਨ ਹਾਂ।'


ਇਹੀ ਮੰਗੂਰਾਮ ਬਾਅਦ ਵਿਚ 1915 ਵਿਚ ਉਹਨਾਂ ਕ੍ਰਾਂਤੀਕਾਰੀ ਪੰਜ ਲੋਕਾਂ ਵਿਚੋਂ ਇਕ ਚੁਣੇ ਗਏ, ਜਿਹਨਾਂ ਨੂੰ ਭਾਰਤ ਵਿਚ ਕ੍ਰਾਂਤੀ ਲਿਆਉਣ ਲਈ (ਮੈਵਰਿਕ' ਨਾਮੀ



ਜਹਾਜ਼ ਵਿਚ ਹਥਿਆਰ ਭਰ ਕੇ ਲਿਜਾਣੇ ਸਨ। ਜਾਵਾ ਵਿਚ ਗ੍ਰਿਫ਼ਤਾਰ ਹੋ ਕੇ ਇਕ ਸਾਲ ਦੀ ਜੇਲ੍ਹ ਕੱਟੀ। ਬ੍ਰਿਟਿਸ਼ ਆਪਣੀ ਪਕੜ ਵਿਚ ਲੈ ਕੇ ਫਾਂਸੀ ਤੇ ਲਟਕਾਉਣਾ ਚਾਹੁੰਦੇ ਸਨ। ਜਰਮਨੀ ਦੇ ਅਧਿਕਾਰੀਆਂ ਨੇ ਬਚਾਇਆ। ਮਨੀਲਾ ਗਏ ਤਾਂ ਉਥੇ ਵੀ ਬ੍ਰਿਟਿਸ਼ ਚੁੰਗਲ ਤੋਂ ਜਰਮਨੀ ਵਾਲਿਆਂ ਨੇ ਬਚਾਇਆ। ਇਕ ਦਿਨ 'ਮਨੀਲਾ ਟਾਈਮਜ਼' ਵਿਚ ਪੜ੍ਹਿਆ 'ਮੰਗੂ ਰਾਮ ਨੂੰ ਬ੍ਰਿਟਿਸ਼ ਸ਼ਾਸਨ ਨੇ ਫਾਂਸੀ ਦੇ ਦਿੱਤੀ।' ਗਦਰ ਪਾਰਟੀ ਦੀ ਸਹਾਇਤਾ ਨਾਲ 1925 ਵਿਚ ਭਾਰਤ ਆਏ ਅਤੇ 16 ਸਾਲ ਬਾਅਦ 'ਇਨਸਾਨ' ਦੇ ਰੂਪ ਵਿਚ ਸਤਿਕਾਰ ਸਹਿਤ ਭਾਰਤ ਵਿਚ ਆਉਣ ਤੇ ਮੁੜ 'ਅਛੂਤ ਕਿਹਾ ਗਿਆ। ਸਮਾਜ ਦੇ ਪ੍ਰਤੀ ਘੋਰ ਜਗਿਆਸੂ ਭਾਵਨਾ ਜਾਗੀ। ਵਿਦਰੋਹ ਵਜੋਂ 'ਆਦਿ ਧਰਮ' ਦੀ ਸਥਾਪਨਾ ਕੀਤੀ। ਆਰੀਆ ਸਮਾਜ ਦੇ ਕੁਲੀਨ ਵਰਗ ਦੁ-ਆਰਾ 'ਅਛੂਤਾਂ' ਨੂੰ ਤਿਲਾਂਜਲੀ ਦੇ ਕੇ 'ਆਪਣੇ ਲੋਕਾਂ ਦੁਆਰਾ ਆਪਣੀ ਆਜ਼ਾਦੀ ਪ੍ਰਾਪਤ ਕਰਨ ਦਾ ਅੰਦੋਲਨ' ਬਿਹਤਰ ਲੱਗਿਆ। ਆਪਣੀ ਆਜ਼ਾਦੀ ਦੀ ਲੜਾਈ ਲੜਨ ਲਈ 'ਆਦਿ ਧਰਮ' ਦੀ ਸਥਾਪਨਾ ਕੀਤੀ। ਕਿਹਾ ਕਿ ਨਫਰਤ, ਸੰਕੀਰਣਤਾ, ਭੇਦਭਾਵ ਅਤੇ ਕਥਿਤ ਸਨਾਤਨ ਧਰਮ ਦੇ ਅਨੁਯਾਈਆਂ ਤੋਂ ਪਹਿਲਾਂ ਦੇ ਹਨ ਉਹਨਾਂ ਦੇ ਸਮਾਜ ਦੇ ਲੋਕ। ਉਹ ਇਸ ਦੇਸ਼ ਦੇ ਆਦਿ ਪੁਰਸ਼-ਇਸਤਰੀ ਹਨ। ਉਹਨਾਂ ਦਾ ਧਰਮ ਹੀ ਆਦਿ ਧਰਮ ਹੈ। ਉਹ ਨਕਲੀ ਨਹੀਂ। ਉਸਨੇ ਆਪਣੇ ਸਮਾਜ ਨੂੰ ਨਿਡਰ ਹੋ ਕੇ ਆਪਣਾ ਆਜ਼ਾਦ ਜੀਵਨ ਜਿਊਣ ਦਾ ਸੱਦਾ ਦਿੱਤਾ। ਉਸ ਤੋਂ ਬਾਅਦ ਮੰਗੂਰਾਮ ਨੇ ਸਾਰੀ ਉਮਰ ਦਲਿਤ ਵਰਗ ਵਿਚ ਸਵੈਮਾਣ ਨਾਲ ਜਿਊਣ ਦੀ ਭਾਵਨਾ ਭਰਨ ਦਾ ਕੰਮ ਕੀਤਾ। ਬਹੁਤ ਘੱਟ ਲੋਕਾਂ ਨੂੰ ਇਹ ਪਤਾ ਹੈ ਕਿ ਪੂਨਾ ਪੈਕਟ ਤੋਂ ਪਹਿਲਾਂ, ਜਿਸ ਵਿਚ ਦਲਿਤਾਂ ਨੂੰ ਰਾਜਨੀਤਿਕ ਖੇਤਰ ਵਿਚ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਗਈ ਸੀ, ਜੋ ਬਾਅਦ ਵਿਚ ਭਾਰਤੀ ਸੰਵਿਧਾਨ ਦਾ ਅੰਗ ਬਣੀ, ਗਾਂਧੀ ਜੀ ਦੁਆਰਾ ਕੀਤੇ ਗਏ 21 ਦਿਨ ਦੇ ਵਰਤ ਦੇ ਵਿਰੋਧ ਵਿਚ ਮੰਗੂਰਾਮ ਨੇ ਵੀ ਵਰਤ ਰੱਖਿਆ ਸੀ। ਮੇਰੇ ਵਿਚਾਰ ਵਿਚ ਜਨਤਾ ਵਿਚਕਾਰ ਰਹਿ ਕੇ ਜਨਤਾ ਦੇ ਲਈ ਸਮਰਪਣ ਭਾਵਨਾ ਨਾਲ ਲਗਾਤਾਰ ਕੰਮ ਕਰਨ ਕਰਕੇ ਮੰਗੂਰਾਮ ਕਿਸੇ ਵੀ ਦਲਿਤ ਨੇਤਾ ਤੋਂ ਘੱਟ ਨਹੀਂ, ਵੱਡੇ ਹੀ ਹਨ ਅਤੇ ਉਹਨਾਂ ਦੇ ਇਸ ਨਿਰਮਾਣ ਵਿਚ ਗਦਰ ਪਾਰਟੀ ਦਾ ਵੱਡਾ ਯੋਗਦਾਨ ਹੈ। ਗਦਰ ਪਾਰਟੀ ਦੀ ਆਪਣੇ ਆਪ ਵਿਚ ਇਹ ਅਹਿਮ ਉਪਲਬਧੀ ਹੈ।

# ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਵਾਜਪਾਈ ਤੇ ਮਾਲਵੀਆ ਨੂੰ ਭਾਰਤ ਰਤਨ ਦੇਣ ਦਾ ਐਲਾਨ





ਨਵੀਂ ਦਿੱਲੀ- ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਤੇ ਮਰਹੂਮ ਆਜ਼ਾਦੀ ਘੁਲਾਟੀਏ ਤੇ ਹਿੰਦੂ ਮਹਾਂਸਭਾ ਦੇ ਆਗੂ ਮਦਨ ਮੋਹਨ ਮਾਲਵੀਆ ਨੂੰ ਦੇਸ਼ ਦੇ ਸਰਵਉੱਚ ਭਾਰਤ ਰਤਨ ਪੁਰਸਕਾਰਾਂ ਲਈ ਚੁਣਿਆ ਗਿਆ। ਉਹ ਇਹ ਪੁਰਸਕਾਰ ਲੈਣ ਵਾਲੇ ਦੇਸ਼ ਦੀ 44ਵੀਂ ਹਸਤੀ ਬਣ ਗਏ ਹਨ। ਰਾਸ਼ਟਰਪਤੀ ਭਵਨ ਵੱਲੋਂ ਜਾਰੀ ਸੁਨੇਹੇ ਵਿਚ ਕਿਹਾ ਗਿਆ ਹੈ ਕਿ ਸ੍ਰੀ ਮਦਨ ਮੋਹਨ ਮਾਲਵੀਆ (ਮਰਨ ਉਪਰੰਤ) ਨੂੰ ਤੇ ਸ੍ਰੀ ਅਟੱਲ ਬਿਹਾਰੀ ਵਾਜਪਾਈ ਨੂੰ ਭਾਰਤ ਰਤਨ ਪੁਰਸਕਾਰ ਦੇਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ।

ਇਸ ਨਾਲ ਹੁਣ ਤੱਕ ਇਹ ਪੁਰਸਕਾਰ ਲੈਣ ਵਾਲਿਆਂ ਦੀ ਗਿਣਤੀ 45 ਹੋ ਗਈ ਹੈ। 1998 ਤੋਂ 2004 ਤੱਕ ਸੱਤਾ ਵਿਚ ਰਹੇ ਭਾਜਪਾ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਵਾਜਪਾਈ ਆਪਸੀ ਸਹਿਮਤੀ ਵਾਲੀ ਸਿਆਸਤ ਲਈ ਜਾਣੇ ਜਾਂਦੇ ਰਹੇ ਹਨ। ਉਹ ਸ਼ਾਇਰ ਵੀ ਹਨ। ਬਨਾਰਸ ਹਿੰਦੂ ਯੂਨੀਵਰਸਿਟੀ ਦੇ ਬਾਨੀ ਮਦਨ ਮੋਹਨ ਮਾਲਵੀਆ ਆਜ਼ਾਦੀ ਸੰਘਰਸ਼ ਦੇ ਮੋਹਰੀ ਤੇ ਉਦਾਰ ਤੇ ਇੰਤਹਾਪਸੰਦਾਂ ਵਿਚਾਲੇ ਪੁਲ ਵਜੋਂ ਕੰਮ ਕਰਦੇ ਰਹੇ ਹਨ। ਕਾਂਗਰਸ ਨੇ ਇਸ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਸ ਪ੍ਰਗਟਾਈ ਹੈ ਕਿ ਕੇਂਦਰ ਇਨ੍ਹਾਂ ਵੱਲੋਂ ਦਿਖਾਏ 'ਰਾਜਧਰਮ' ਉਤੇ ਵੀ ਖਰੀ ਉਤਰੇਗੀ। ਕਾਂਗਰਸ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਅਜੈ ਮਾਕਨ ਨੇ ਇਹ ਟਿੱਪਣੀ ਕੀਤੀ। ਉਨ੍ਹਾਂ ਦਾ ਇਸ਼ਾਰਾ 2002 ਵਿਚ ਗੋਧਰਾ ਕਾਂਡ ਮਗਰੋਂ ਸ੍ਰੀ ਵਾਜਪਾਈ ਦੀ ਮੋਦੀ ਨੂੰ ਦਿੱਤੀ ਨਸੀਹਤ ਵੱਲ ਸੀ।

## ਦੇਵਤਾ ਨਾਲ ਵਿਆਹ ਤੋਂ ਬਾਅਦ

# 13 ਸਾਲ ਦੀ ਬੱਚੀ ਬਣੀ ਮਾਂ, ਪਰਿਵਾਰ ਨੇ ਮੰਦਰ ਨੂੰ ਸੌਂਪੀ ਸੀ

ਪੁਣੇ- ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲ੍ਹੇ ਵਿਚ ਇਕ 13 ਸਾਲ ਦੀ ਬੱਚੀ 'ਦੇਵਤਾ' ਨਾਲ ਵਿਆਹ ਤੋਂ ਬਾਅਦ ਮਾਂ ਬਣ ਗਈ ਹੈ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਹੁਣ ਪੁਲਿਸ ਦੋਸ਼ੀ ਦੀ ਭਾਲ ਵਿਚ ਜੁਟ ਗਈ ਹੈ। ਅਹਿਮਦਨਗਰ ਦੀ ਅਕੋਲ ਜ਼ਿਲ੍ਹੇ ਦੇ ਇਕ ਪਿੰਡ ਵਿਚ ਰਹਿਣ ਵਾਲੀ ਇਸ ਬੱਚੀ ਨੂੰ ਕੇਵਲ 2 ਸਾਲ ਦੀ ਉਮਰ ਵਿਚ ਹੀ ਉਸਦੀ ਦਾਦੀ ਨੇ ਭਗਵਾਨ ਖੰਡੋਬਾ ਦੇ ਮੰਦਰ ਵਿਚ ਸੌਂਪ ਦਿੱਤਾ ਸੀ।

ਇਸੇ ਸਾਲ ਅਕਤੂਬਰ ਵਿਚ ਪਿੰਡ ਵਾਲਿਆਂ ਨੇ 13 ਸਾਲ ਦੀ ਹੋ ਚੁੱਕੀ ਬੱਚੀ ਦੇ ਨਾਲ ਦੋ ਮਹੀਨੇ ਦੀ ਬੱਚੀ ਨੂੰ ਦੇਖਿਆ, ਬੱਚੀ ਦੇ ਨਾਲ ਉਸਦੀ ਦਾਦੀ ਵੀ ਸੀ।ਸ਼ੱਕ ਹੋਣ ਤੇ ਪਿੰਡ ਵਾਲਿਆਂ ਨੇ ਇਸਦੀ ਸ਼ਿਕਾਇਤ ਪੁਲਿਸ ਅਤੇ ਸਮਾਜਿਕ ਸੰਸਥਾਵਾਂ ਨੂੰ ਕਰ ਦਿੱਤੀ।

ਪੁਲਿਸ ਹੁਣ ਦੋਸ਼ੀ ਦੀ ਭਾਲ ਵਿਚ ਜੁਟ ਗਈ ਹੈ। ਪੁਲਿਸ ਅਧਿਕਾਰੀਆਂ ਦਾਕਹਿਣਾ ਹੈ ਕਿ ਉਹ ਦੇਵਦਾਸੀ ਪ੍ਰਥਾ ਕਾਨੂੰਨ ਦੇ ਤਹਿਤ ਮਾਮਲੇ ਦੀ ਜਾਂਚ ਕਰ ਰਹੇ ਹਨ। ਪੁਲਿਸ ਨੂੰ ਲੱਗਦਾ ਹੈ ਕਿ ਮੰਦਰ ਵਿਚ ਕਿਸੇ ਨੇ ਇਸ ਬੱਚੀ ਦਾ ਯੌਨ ਸ਼ੋਸ਼ਣ ਕੀਤਾ ਹੋਵੇਗਾ, ਜਿਸ ਕਰਕੇ ਇਹ ਨਾਬਾਲਗ ਬੱਚੀ ਮਾਂ ਬਣ ਗਈ।

ਇਕ ਸਮਾਜਿਕ ਵਰਕਰ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਇਸ ਬੱਚੀ ਦਾ ਦਾਖਲਾ ਇਕ ਸਕੂਲ ਵਿਚ ਕਰਵਾਇਆ ਗਿਆ ਸੀ। ਉਸ ਦੌਰਾਨ ਉਸਨੂੰ ਯੂਨੀਫਾਰਮ ਅਤੇ ਸਕੂਲ ਬੈਗ ਵੀ ਦਿੱਤਾਗਿਆ ਸੀ ਪਰ ਕਿਉਂਕਿ ਮੰਦਰ ਵਿਚ ਹੋਣ ਵਾਲੇ ਜਾਗਰਣ ਤੋਂ ਬੱਚੀ ਨੂੰ ਹਰ ਦਿਨ 500 ਰੁਪਏ ਦੀ ਕਮਾਈ ਹੁੰਦੀ ਸੀ ਅਤੇ ਪਰਿਵਾਰ ਬੇਹੱਦ ਗਰੀਬ ਸੀ, ਇਸ ਕਰਕੇ ਬੱਚੀ ਨੇ ਪੜ੍ਹਾਈ ਛੱਡ ਦਿੱਤੀ ਅਤੇ 'ਮੁਰਲੀ' ਬਣ ਕੇ ਹੀ ਰਹਿਣ ਲੱਗੀ। ਸਮਾਜਿਕ ਸੰਗਠਨਾਂ ਦਾ ਦੋਸ਼ ਹੈ ਕਿ ਸਥਾਨਕ ਪੁਲਿਸ ਇਸ ਮਾਮਲੇ ਵਿਚ ਕਾਰਵਾਈ ਕਰਨ ਤੋਂ ਡਰਦੀ ਹੈ ਅਤੇ ਇਸੇ ਕਾਰਨ ਇਸ ਮਾੜੀ ਪ੍ਰਥਾ ਨੂੰ ਖਤਮ ਨਹੀਂ ਕੀਤਾ ਜਾ ਸਕਿਆ ਹੈ।

# ਅਮਰੀਕੀ ਸਥਾਨਕ ਪੰਜਾਬੀ ਕਵੀਆਂ ਵੱਲੋਂ ਟਰੇਸੀ ਕੈਲੀਫੋਰਨੀਆ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

ਟਰੇਸੀ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)- ਬੀਤੇ ਦਿਨੀਂ ਸਿੱਖ ਟੈਂਪਲ ਦਸਮੇਸ਼ ਦਰਬਾਰ ਟਰੇਸੀ ਕੈਲੀਫੋਰਨੀਆ



ਵਿਖੇ ਹਫਤਾਵਾਰੀ ਦੀਵਾਨਾਂ ਵਿਚ ਅਮਰੀਕੀ ਸਥਾਨਕ ਪੰਜਾਬੀ ਕਵੀਆਂ ਵੱਲੋਂ ਗੁਰ ਇਤਿਹਾਸ ਦੇ ਸ਼ਹੀਦਾਂ ਨੂੰ ਸਮਰਪਿਤ ਇਕ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ।

ਮੰਚ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਕੀਤਾ ਗਿਆ ਕਿ ਸਿੱਖ ਇਤਿਹਾਸ ਦੀਆਂ ਸ਼ਹੀਦੀਆਂ ਲਾਸਾਨੀ ਹਨ, ਇਹਨਾਂ ਦੀ ਮਿਸਾਲ ਨਹੀਂ ਮਿਲਦੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਅਣਗਿਣਤ ਸ਼ਹੀਦੀਆਂ ਦਾ ਗੌਰਵਮਈ ਇਤਿਹਾਸ ਹੈ, ਜਿਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਸਿੱਖੀ ਨਿਸਚੇ ਨੂੰ ਕੇਸਾਂ ਸੁਆਸਾਂ ਸੰਗ ਨਿਭਾਇਆ ਹੈ।

ਦਸੰਬਰ ਦਾ ਮਹੀਨਾ ਸੰਸਾਰ ਭਰ ਵਿਚ ਸਿੱਖਾਂ ਵੱਲੋਂ ਸ਼ਹੀਦੀਆਂ ਦਾ ਮਹੀਨਾ ਜਾਣ ਕੇ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ ਸੰਗਤਾਂ ਪ੍ਰੋਗਰਾਮ ਕਰਦੀਆਂ ਹਨ ਅਤੇ ਆਪਣੇ ਗੌਰਵਮਈ ਵਿਰਸੇ ਨੂੰ ਦ੍ਰਿੜ੍ਹ ਕਰਵਾਉਂਦੀਆਂ ਹਨ। ਹਾਜ਼ਰ ਕਵੀਆਂ ਨੇ ਵੱਖ ਵੱਖ ਸ਼ਹੀਦੀ ਸਾਕਿਆਂ ਤੇ ਕਵਿਤਾਵਾਂ ਕਹੀਆਂ। ਕਵੀ ਸ਼ਾਮਲ ਸਨ ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਜਗਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਗੁਰਪ੍ਰੀਤ ਸਿੰਘ ਮੋਹਾਲੀ ਵਾਲੇ ਆਦਿ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਅਗਾਂਹ ਤੋਰਦੇ ਹੋਏ ਦੂਰ ਦੁਰਾਡੇ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਵਧੇਰੇ ਜਾਣਕਾਰੀ ਲਈ 510-415-9377 ਅਤੇ 408-528-4489 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੱਚੀ ਕਥਾ

ਸੰਨਿਆਸ ਲੈਣ ਤੋਂ ਬਾਅਦ ਗੌਤਮ ਬੁੱਧ ਨੇ ਅਨੇਕਾਂ ਖੇਤਰਾਂ ਦੀ ਯਾਤਰਾ ਕੀਤੀ। ਇਕ ਵਾਰ ਉਹ ਇਕ ਪਿੰਡ ਵਿਚ ਗਏ। ਉਥੇ ਇਕ ਔਰਤ ਉਹਨਾਂ ਦੇ ਕੋਲ ਆਈ ਅਤੇ ਬੋਲੀ- ਤੁਸੀਂ ਤਾਂ ਕੋਈ ਰਾਜਕੁਮਾਰ ਲੱਗਦੇ ਹੋ। ਕੀ ਮੈਂ ਜਾਣ ਸਕਦੀ ਹਾਂ ਕਿ ਇਸ ਨੌਜਵਾਨ ਅਵਸਥਾ ਵਿਚ ਭਗਵੇਂ ਵਸਤਰ ਪਾਉਣ ਦਾ ਕੀ ਕਾਰਨ ਹੈ?

ਬੁੱਧ ਨੇ ਨਿਮਰਤਾ ਨਾਲ ਕਿਹਾ ਤਿੰਨ ਸਵਾਲਾਂ ਦੇ ਹੱਲ ਲੱਭਣ ਲਈ ਉਹਨਾਂ ਨੇ ਸੰਨਿਆਸ ਲਿਆ। ਇਹ ਸਰੀਰ ਜੋ ਨੌਜਵਾਨ ਅਤੇ ਆਕਰਸ਼ਕ ਹੈ, ਪਰ ਜਲਦੀ ਹੀ ਇਹ ਬਜ਼ੁਰਗ ਹੋਵੇਗਾ, ਫਿਰ ਬਿਮਾਰ ਅਤੇ ਅੰਤ ਵਿਚ ਮੌਤ ਦੇ ਮੂੰਹ ਚਲਾ ਜਾਵੇਗਾ। ਮੈਨੂੰ ਬਜ਼ੁਰਗ ਅਵਸਥਾ,ਬਿਮਾਰੀ ਅਤੇ ਮੌਤ ਦੇ ਕਾਰਨ ਦਾ ਗਿਆਨ ਪ੍ਰਾਪਤ ਕਰਨਾ ਹੈ। ਉਹਨਾਂ ਤੋਂ ਪ੍ਰਭਾਵਿਤ ਹੋ ਕੇ ਉਸ ਔਰਤ ਨੇ ਉਹਨਾਂ ਨੂੰ ਭੋਜਨ ਦੇ ਲਈ ਸੱਦਾ ਦਿੱਤਾ। ਜਲਦੀ ਹੀ ਇਹ ਗੱਲ ਪੂਰੇ ਪਿੰਡ ਵਿਚ ਫੈਲ ਗਈ। ਪਿੰਡ ਵਾਸੀ ਬੁੱਧ ਦੇ ਕੋਲ ਆਏ ਅਤੇ ਬੇਨਤੀ ਕੀਤੀ ਕਿ ਉਹ ਇਸ ਔਰਤ ਦੇ ਘਰ ਭੋਜਨ ਕਰਨ ਨਾ ਜਾਣ ਕਿਉਂਕਿ ਉਹ ਚਰਿੱਤਰਹੀਣ ਹੈ। ਬੁੱਧ ਨੇ ਪਿੰਡ ਦੇ ਮੁਖੀ ਤੋਂ ਪੁੱਛਿਆ, ਕੀ ਤੁਸੀਂ ਵੀ ਮੰਨਦੇ ਹੋ ਕਿ ਉਹ ਔਰਤ ਚਰਿੱਤਰਹੀਣ ਹੈ?

ਮੁਖੀ ਨੇ ਕਿਹਾ ਕਿ ਮੈਂ ਸਹੁੰ ਚੁੱਕ ਕੇ ਕਹਿੰਦਾ ਹਾਂ ਕਿ ਉਹ ਮਾੜੇ ਚਰਿੱਤਰ ਵਾਲੀ ਹੈ। ਤੁਸੀਂ ਉਸਦੇ ਘਰ ਨਾ ਜਾਓ। ਬੁੱਧ ਨੇ ਮੁਖੀ ਦਾ ਸੱਜਾ ਹੱਥ ਪਕੜਿਆ ਅਤੇ ਉਸਨੂੰ ਤਾੜੀ ਵਜਾਉਣ ਲਈ ਕਿਹਾ। ਮੁਖੀ ਨੇ ਕਿਹਾ, ਮੈਂ ਇਕ ਹੱਥ ਨਾਲ ਤਾੜੀ ਨਹੀਂ ਵਜਾ ਸਕਦਾ ਕਿਉਂਕਿ ਮੇਰਾ ਦੂਜਾ ਹੱਥ ਤੁਸੀਂ ਪਕੜਿਆ ਹੋਇਆ ਹੈ।

ਬੁੱਧ ਬੋਲੇ: ਇਸੇ ਤਰ੍ਹਾਂ ਇਹ ਖੁਦ ਚਰਿੱਤਰਹੀਣ ਕਿਵੇਂ ਹੋ ਸਕਦੀ ਹੈ, ਜਦੋਂ ਤੱਕ ਇਸ ਪਿੰਡ ਦੇ ਪੁਰਸ਼ ਚਰਿੱਤਰਹੀਣ ਨਾ ਹੋਣ। ਜੇਕਰ ਪਿੰਡ ਦੇ ਸਾਰੇ ਪੁਰਸ਼ ਚੰਗੇ ਹੁੰਦੇ ਤਾਂ ਇਹ ਔਰਤ ਅਜਿਹੀ ਨਾ ਹੁੰਦੀ, ਇਸ ਕਰਕੇ ਇਸਦੇ ਚਰਿੱਤਰ ਦੇ ਲਈ ਇੱਥੋਂ ਦੇ ਪੁਰਸ਼ ਜ਼ਿੰਮੇਵਾਰ ਹਨ। ਇਹ ਸੁਣ ਕੇ ਸਾਰੇ ਹੈਰਾਨ ਰਹਿ ਗਏ।

## ਪੰਜਾਬ ਸਰਕਾਰ ਦੀ ਜਾਤੀਵਾਦ ਨੂੰ ਖਤਮ ਕਰਨ ਦੀ ਯੋਜਨਾ ਹੋਈ ਠੁੱਸ

ਅਨੁਸੂਚਿਤ ਜਾਤੀ ਦਾ ਹੋਣਾ ਚਾਹੀਦਾ ਹੈ ਤੇ ਵਿਆਹ ਦੇ ਤਿੰਨ ਸਾਲਾਂ ਅੰਦਰ ਇਸ ਗ੍ਰਾਂਟ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਸਮਾਜ ਭਲਾਈ ਅਧਿਕਾਰੀ ਨੇ ਨਹੀਂ ਦੱਸੇ ਦੇਰੀ ਹੋਣ ਦੇ ਕਾਰਨ ਸਮਾਜ ਭਲਾਈ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅੰਤਰਜਾਤੀ ਵਿਆਹ ਕਰਾਉਣ ਵਾਲੇ ਜੋੜਿਆਂ ਨੂੰ ਵੰਡਣ ਲਈ 6 ਕਰੋੜ ਰੁਪਏ ਤੱਕ ਦੀ ਰਾਸ਼ੀ ਜਲਦੀ ਹੀ ਵਿਭਾਗ ਨੂੰ ਮਿਲ ਸਕਦੀ ਹੈ, ਪਰ ਰਾਜ ਸਰਕਾਰ ਵੱਲੋਂ ਕੀਤੀ ਗਈ ਦੇਰੀ ਦੇ ਕਾਰਨ ਉਨ੍ਹਾਂ ਨਹੀਂ ਦੱਸੇ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨਿਯਮਿਤ ਤੌਰ 'ਤੇ ਇਹ ਰਾਸ਼ੀ ਜਾਰੀ ਕਰਦੀ ਆ ਰਹੀ ਹੈ। ਰਾਜ ਦੇ ਸਮਾਜਕ ਭਲਾਈ ਵਿਭਾਗ ਦੇ ਸੂਤਰਾਂ ਅਨੁਸਾਰ ਪਰ ਰਾਜ ਸਰਕਾਰ ਆਪਣਾ ਬਣਦਾ ਹਿੱਸਾ ਨਹੀਂ ਪਾ ਰਹੀ। ਕੇਂਦਰ ਵੱਲੋਂ ਭੇਜਿਆ ਪੈਸਾ, ਥੁੜ੍ਹਾਂ ਮਾਰੀ ਰਾਜ ਸਰਕਾਰ ਆਖਰ 'ਚ ਫੰਡਾਂ 'ਚ ਜੋੜ ਕੇ ਰੱਖੀ ਜਾ ਰਹੀ ਹੈ।

# ਨਵਾਂ ਨਾਨਕਸ਼ਾਹੀ ਕੈਲੰਡਰ ਤਿਆਰ ਹੋਣਾ ਚਾਹੀਦਾ ਹੈ: ਗਿਆਨੀ ਗੁਰਬਚਨ ਸਿੰਘ

ਕਿ ਸਿੱਖ ਵਕੀਲ ਇਸ ਮਾਮਲੇ ਵਿਚ ਅੜਿੱਕਾ ਬਣੀ ਕਾਨੂੰਨੀ ਸਮੱਸਿਆ ਨੂੰ ਹੱਲ ਕਰਨ ਲਈ ਮਦਦ ਦੇਣ। ਇਸੇ ਤਰ੍ਹਾਂ ਧਾਰਾ 25 ਬੀ ਵਿਚ ਸੋਧ ਲਈ ਵੀ ਆਪਣਾ ਸਹਿਯੋਗ ਦੇਣ।

ਇਸ ਤੋਂ ਪਹਿਲਾਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਆਪਣਾ ਪੱਖ ਜਥੇਦਾਰ ਅੱਗੇ ਰੱਖਿਆ। ਵਫ਼ਦ ਦੀ ਅਗਵਾਈ ਕਰ ਰਹੇ ਗੁਰਮਤਿ ਸੇਵਾ ਲਹਿਰ ਦੇ ਆਗੂ ਪੰਥਪ੍ਰੀਤ ਸਿੰਘ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਆਗੂ ਜਸਵਿੰਦਰ ਸਿੰਘ ਐਡਵੋਕੇਟ, ਨਾਨਕਸ਼ਾਹੀ ਕੈਲੰਡਰ ਤਾਲਮੇਲ ਕਮੇਟੀ ਦੇ ਕਨਵੀਨਰ ਕਿਰਪਾਲ ਸਿੰਘ ਬਠਿੰਡਾ, ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਬਖਸ਼ੀਸ਼ ਸਿੰਘ ਤੇ ਆਰ.ਪੀ. ਸਿੰਘ ਤੇ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਾਬਕਾ ਸੰਸਦ ਮੈਂਬਰ ਧਿਆਨ ਸਿੰਘ ਮੰਡ, ਪੰਚ ਪ੍ਰਧਾਨੀ ਦੇ ਬਲਦੇਵ ਸਿੰਘ ਸਿਰਸਾ ਤੇ ਹੋਰ ਸ਼ਾਮਲ ਸਨ। ਇਨ੍ਹਾਂ ਆਗੂਆਂ ਨੇ ਜਥੇਦਾਰ ਨੂੰ ਆਖਿਆ ਕਿ ਸੰਤ ਸਮਾਜ ਤੇ ਡੇਰੇਦਾਰਾਂ ਦੇ ਕੈਲੰਡਰ ਸਬੰਧੀ ਪੱਖ ਨੂੰ ਅਣਡਿੱਠਾ ਕੀਤਾ ਜਾਵੇ ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਦੇ ਲਾਗੂ ਰਹਿਣ ਦੌਰਾਨ 7 ਸਾਲਾਂ ਵਿਚ ਕੋਈ ਵੀ ਗੁਰਪੁਰਬ ਜਾਂ ਸ਼ਹੀਦੀ ਪੁਰਬ ਇਕੱਠਾ ਨਹੀਂ ਆਇਆ ਸੀ। ਇਸ ਮੌਕੇ ਸਿੱਖ ਆਗੂਆਂ ਨੇ ਸੰਵਿਧਾਨ ਦੀ ਧਾਰਾ 25 ਬੀ ਵਿਚ ਸੋਧ ਕਰਨ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਵੀ ਉਭਾਰੇ। ਵੱਡੀ ਗਿਣਤੀ ਵਿਚ ਆਏ ਸਿੱਖ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਸਿੱਖ ਮੂਲ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿਚ ਹਨ। ਇਨ੍ਹਾਂ ਕਾਰਕੁੰਨਾਂ ਨੇ ਹੱਥਾਂ ਵਿਚ ਤਖ਼ਤੀਆਂ ਚੁੱਕੀਆਂ ਹੋਈਆਂ ਸਨ ਅਤੇ ਨਾਅਰੇ ਵੀ ਲਾ ਰਹੇ ਸਨ। ਇਸੇ ਤਰ੍ਹਾਂ ਉਨ੍ਹਾਂ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਕੱਤਰੇਤ ਦੀ ਥਾਂ ਹੇਠਾਂ ਆ ਕੇ ਮੰਗ ਪੱਤਰ ਲੈਣ ਲਈ ਮਜਬੂਰ ਵੀ ਕੀਤਾ, ਜਿਸ ਦਾ ਕੁੱਝ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਅਤੇ ਇਸ ਨੂੰ ਪ੍ਰੰਪਰਾ ਤੋਂ ਉਲਟ ਕਰਾਰ ਦਿੱਤਾ। ਇਸ ਮੁੱਦੇ ਨੂੰ ਲੈ ਕੇ ਸਿੱਖ ਜਥੇਬੰਦੀਆਂ ਵਿਚਾਲੇ ਆਪਾ ਵਿਰੋਧੀ ਵਿਚਾਰ ਚੱਲਦੇ ਰਹੇ।

# ਭਾਈ ਗੁਰਬਖਸ਼ ਸਿੰਘ ਦੀ ਜਾਨ ਬਚਾਉਣ ਲਈ ਸਿੱਖ ਇਕਜੁੱਟ ਹੋਣ : ਅਕਾਲ ਤਖਤ



ਅੰਮ੍ਰਿਤਸਰ- ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿ. ਗੁਰਬਚਨ ਸਿੰਘ ਨੇ ਕਿਹਾ ਹੈ ਕਿ ਜੇਲਾਂ 'ਚ ਬੰਦ ਸਿੱਖਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਭਾਈ ਗੁਰਬਖਸ਼ ਸਿੰਘ ਦੀ ਜਾਨ ਬਚਾਉਣਾ ਇਸ ਸਮੇਂ ਸਿੱਖ ਪੰਥ ਲਈ ਸਭ ਤੋਂ ਵੱਡਾ ਮੁੱਦਾ ਹੈ ਅਤੇ ਉਨ੍ਹਾਂ ਦੀ ਜਾਨ ਬਚਾਉਣ ਲਈ ਸਿੱਖ ਕੌਮ ਨੂੰ ਇਸ ਸਮੇਂ ਇਕਜੁੱਟ ਹੋ ਜਾਣਾ ਚਾਹੀਦਾ ਹੈ। ਅੰਮ੍ਰਿਤਸਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਵਕੀਲ ਅਤੇ ਜੱਜ ਅੱਗੇ ਆ ਕੇ ਆਪਣੀ ਰਾਏ ਦੇਣ ਅਤੇ ਜੇਲਾਂ 'ਚ ਬੰਦ ਸਿੱਖਾਂ ਦੀ ਰਿਹਾਈ ਲਈ ਕਾਨੂੰਨੀ ਰਸਤੇ ਤੋਂ ਇਲਾਵਾ ਰਾਜਨੀਤਕ ਰਸਤੇ ਨੂੰ ਵੀ ਅਪਣਾਇਆ ਜਾਣਾ ਚਾਹੀਦਾ ਹੈ।

## ਮਿੰਨੀ ਕਹਾਣੀ

# ਸਕੀਮੀ ਤਾਇਆ

-ਮਨਜੀਤ ਕੌਰ 'ਢੀਂਡਸਾ'




ਅੱਜ-ਕੱਲ੍ਹ ਮੀਡੀਆ ਕਾਰਨ ਘਰਾਂ ਵਿੱਚ ਮਨੋਰੰਜਨ ਦੇ ਸਾਧਨ ਕਾਫ਼ੀ ਹੋ ਗਏ ਨੇ ਪਰ ਪਿੰਡਾਂ ਵਿੱਚ ਅੱਜ ਵੀ ਲੋਕ ਸਾਂਝੀ ਥਾਵੀਂ ਜਾਂ ਸੱਥਾਂ 'ਚ ਬੈਠ ਕੇ ਗੱਲਾਂ ਕਰਕੇ ਟਾਇਮ ਪਾਸ ਕਰਦੇ ਹਨ। ਸਾਡੇ ਪਿੰਡ ਦੇ ਚੌਕ 'ਚ ਬਹੁਤ ਵੱਡਾ ਪਿੱਪਲ ਹੈ। ਪਿੰਡ ਦੇ ਬਜ਼ੁਰਗ ਬੈਠ ਕੇ ਗੱਪਾਂ ਮਾਰਦੇ ਹਨ। ਪਰ ਸਭ ਤੋਂ ਵੱਧ ਗੱਲਾਂ ਤਾਇਆ ਬਖ਼ਤੌਰ ਸਿੰਓ ਦੀਆਂ ਹੀ ਸੁਣੀਆਂ ਜਾਂਦੀਆਂ ਨੇ। ਜਿਸ ਨੂੰ ਸਾਰਾ ਪਿੰਡ ਸਕੀਮੀ ਤਾਇਆ ਕਹਿ ਕੇ ਬੁਲਾਉਂਦਾ ਏ। ਪਿੰਡ ਦੇ ਲੋਕ ਤਾਏ ਤੋਂ ਹੀ ਸਲਾਹਾਂ ਲੈਂਦੇ ਨੇ। ਸਕੀਮੀ ਤਾਏ ਦੀ ਗੱਲ ਵਿੱਚ ਤੰਤ ਹੁੰਦਾ ਤੇ ਕੋਈ ਨਾ ਕੋਈ ਮਤਲਬ ਜ਼ਰੂਰ ਹੁੰਦਾ ਏ। ਇੱਕ ਦਿਨ ਅਸੀ ਸਾਰੇ ਮੁੰਡਿਆਂ ਨੇ ਪੁੱਛਿਆ, "ਤਾਇਆ ਤੈਨੂੰ ਸਕੀਮੀ ਤਾਇਆ ਕਿਉਂ ਕਹਿੰਦੇ ਨੇ?" ਅੱਗੋਂ ਤਾਇਆ ਬੋਲਿਆ, "ਇਸ ਵਿੱਚ ਇੱਕ ਰਾਜ਼ ਹੈ"। ਅਸੀਂ ਤਾਏ ਤੋਂ ਰਾਜ਼ ਜਾਣਨਾ ਚਾਹਿਆ। ਤਾਇਆ ਕਹਿੰਦਾ, "ਮੁੰਡਿਓ, ਅੱਜ ਤੋਂ 30-35 ਸਾਲ ਪਹਿਲਾਂ ਦੀ ਗੱਲ ਐ। ਗਰਮੀਆਂ ਦੇ ਦਿਨਾਂ 'ਚ ਅੱਤ ਦੀ ਗਰਮੀ ਪੈ ਰਹੀ ਸੀ। ਕਣਕ ਕੱਢਦਿਆਂ ਚਲਦੀ-ਚਲਦੀ ਡਰਮੀ ਖਰਾਬ ਹੋ ਗਈ। ਮੈਂ ਸੋਚਿਆ ਸਿਖਰ ਦੁਪਹਿਰੇ ਘਰ ਜਾਵਾਂ ਤੇ ਪਸ਼ੂਆਂ ਲਈ ਹਰਾ ਲੈ ਜਾਵਾਂ। ਮਿਸਤਰੀ ਨੂੰ ਲਿਆ ਕੇ ਡਰਮੀ ਠੀਕ ਕਰਵਾ ਕੇ ਕੰਮ ਨਬੇੜੀਏ। ਪਰ ਹੋਣੀ ਨੂੰ ਮਨਜ਼ੂਰ ਗਰਮੀ ਕਰਕੇ ਆਥਣ ਨੂੰ ਬਲਦ ਬਿਮਾਰ ਹੋ ਗਿਆ। ਉਦੋਂ ਕਿਹੜਾ ਕੋਈ ਡਾਕਟਰ ਹੁੰਦਾ ਸੀ। ਬਲਦ ਮਰ ਗਿਆ। ਕੁੱਝ ਦਿਨ ਪਹਿਲਾਂ ਸਾਡੀ ਇੱਕ ਮੱਝ ਗਈ ਸੀ, ਫਿਰ ਸਾਡੀ ਬੇਬੇ ਰੋ-ਰੋ ਬੁਰਾ ਗਲ ਕਰ ਲਿਆ। ਪਿੰਡ ਦੀਆਂ ਬੁੜੀਆਂ-ਤੀਵੀਆਂ ਪਤਾ ਲੈਣ ਆਉਂਦੀਆਂ, ਉਹ ਬੇਬੇ ਨੂੰ ਦਿਲਸਾ ਘੱਟ ਤੇ ਸਲਾਹ ਜ਼ਿਆਦਾ ਦਿੰਦੀਆਂ। ਉਹ ਬੇਬੇ ਨੂੰ ਪਿੰਡ ਦੀਆਂ ਕਹਿੰਦੀਆਂ ਘਰ ਕਿਸੇ ਨੇ ਕੁੱਝ ਕਰਾ ਨਾ ਦਿੱਤਾ ਹੋਵੇ ਤੇ ਕੋਈ ਕਹਿੰਦੀ ਵੱਡ-ਵਡੇਰਿਆਂ ਦੀ ਨਾ ਹੋਵੇ, ਉਹ ਕਹਿ ਕੇ ਚਲੀਆਂ ਜਾਂਦੀਆਂ ਪਰ ਮੇਰੀ ਜਾਨ ਨੂੰ ਕੜੀਆਂ ਬਣ ਗਿਆ। ਬੇਬੇ ਮੇਰੇ ਪਿੱਛੇ ਹੱਥ ਧੋ ਕੇ ਪੈ ਗਈ ਕਿ ਪਿੰਡ ਜਾ ਕੇ ਪੁੱਛਾਂ ਲੈ ਕੇ ਆਵਾਂ ਤੇ ਉਪਰੋਂ ਤੇਰੀ ਤਾਈ ਵੀ ਕਹਿਣ ਲੱਗੀ ਕਿਉਂਕਿ ਵੱਡੇ ਮੁੰਡੇ ਨੂੰ ਬੁਖਾਰ ਰਹਿੰਦਾ ਸੀ। ਉਸ ਨੂੰ ਵਹਿਮ ਹੋ ਗਿਆ ਮੁੰਡਾ ਗੁੰਮ ਕਿਉਂ ਹੋ ਜਾਂਦਾ ਏ। ਸੱਚੀ ਕਿਸੇ ਨੇ ਕੁੱਝ ਕਰਾ ਨਾ ਕਰ ਦਿੱਤਾ ਹੋਵੇ। ਮੈਂ ਬੇ-ਮਨ ਤੁਰ ਪਿਆ। ਜਦੋਂ ਉੱਥੇ ਪਹੁੰਚਿਆ ਤਾਂ ਪਹਿਲਾਂ ਹੀ ਬਹੁਤ ਲੋਕ ਬੈਠੇ ਸੀ।

ਜਦੋਂ ਮੇਰੀ ਵਾਰੀ ਆਈ ਤਾਂ ਬਾਬਾ ਸਿਰ ਹਿਲਾ ਕੇ ਕਹਿਣ ਲੱਗਾ, "ਭਗਤਾ ਤੁਹਾਡੇ ਤਾਂ ਘਰ ਵੱਡ-ਵਡੇਰਿਆਂ ਦੀ ਰੂਹ ਐ। ਉਹ ਗੁੱਸੇ ਹੋਏ ਨੇ"। ਮੈਂ ਪੁੱਛਿਆ, "ਬਾਬਾ ਜੀ ਕਿਵੇਂ ਮਨਾਈਏ"। ਬਾਬਾ ਕਹਿੰਦਾ, "ਇਹ ਬਹੁਤ ਗੁੱਸੇ ਨੇ, ਨਹੀਂ ਮੰਨਦੇ। ਮੈਂ ਕਿਹਾ ਬਾਬਾ ਕੋਈ ਤਰੀਕਾ ਦੱਸ ਮੁੱਧੇ ਪੈ-ਪੈ ਮੰਨਾਂਗੇ ਪਰ ਬਾਬਾ ਜੀ ਦਾ ਸਿਰ ਨਾਂਹ ਵਿੱਚ ਢੋਲ ਵਾਂਗ ਹਿਲਦਾ ਰਿਹਾ, ਇਹ ਨਹੀਂ ਮੰਨਦੇ।

ਮੈਨੂੰ ਚੜ੍ਹਿਆ ਗੁੱਸਾ, ਮੈਂ ਬਾਬੇ ਤੇ ਵੱਡ-ਵੱਡਰਿਆਂ ਨੂੰ ਕੱਢੀ ਕਰਾਰੀ ਜਿਹੀ ਗਾਲ ਕਿ ਨਾ ਮੰਨਣ ਜੇ ਨਹੀਂ ਮੰਨਦੇ। ਬਾਬਾ ਵੀ ਭਮੱਤਰ ਗਿਆ ਤੇ ਸਿਰ ਹਿਲਣਾ ਬੰਦ ਹੋ ਗਿਆ। ਮੈਂ ਚੱਕੇ ਉਹ ਪੈਸੇ ਘਰ ਬੱਚਿਆਂ ਲਈ ਦਰਜਨ ਕੇਲਿਆਂ ਦੀ ਲੈ ਆਇਆ ਤੇ ਘਰ ਤੇਰੀ ਅੰਮਾ ਤੇ ਤੇਰੀ ਤਾਈ ਦਾ ਮਨ ਖੜ੍ਹਾਉਣ ਲਈ ਕਹਿ ਦਿੱਤਾ ਕਿ ਖੇਤ ਵਾਲੇ ਬਾਬੇ ਦਾ ਨਾਂ ਲੈ ਕੇ ਘਰ ਪੰਜ ਦਿਨ ਜੋਤ ਲਾ ਦਿਉ ਤੇ ਉਹਨਾਂ ਦਾ ਮਨ ਖੜ੍ਹ ਗਿਆ। ਜਦੋਂ ਸਭ ਕੁੱਝ ਠੀਕ ਹੋ ਗਿਆ ਫਿਰ ਮੈਂ ਘਰਦਿਆਂ ਨੂੰ ਇਹ ਗੱਲ ਦੱਸੀ। ਉਹ ਦਿਨ ਤੇ ਆਹ ਦਿਨ ਫਿਰ ਨਹੀਂ ਘਰ ਵਿੱਚ ਕਦੇ ਨੇ ਬਾਬੇ ਦਾ ਨਾਂ ਨਹੀਂ ਆ ਕੇ ਲਿਆ। ਮੈਂ ਕਿਹਾ ਵਾਹ ਤਾਇਆ ਚੰਗੀ ਸਕਮੀ ਘੜੀ। ਮੈਂ ਸੋਚਣ ਲੱਗਿਆ ਕਿ ਅਨਪੜ੍ਹ ਤਾਏ ਨੇ ਤਾਂ ਆਪਣੇ ਪਰਿਵਾਰ ਨੂੰ ਸਮਝਾ ਲਿਆ। ਪਰ ਅਸੀਂ ਪੜ੍ਹੇ-ਲਿਖੇ ਨੂੰ ਕਿਵੇਂ ਸਮਝਾਈਏ ਜੋ ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਟੀ.ਵੀ. ਚੈਨਲਾਂ ਤੇ ਅਖ਼ਬਾਰਾਂ 'ਚ ਆਪਣੀ ਰਾਸ਼ੀ ਦੇਖਦੇ ਆ। ਮੈਨੂੰ ਲੱਗਦਾ ਕਿ ਅਸੀਂ ਅੱਜ ਬਹੁਤ ਪਿੱਛੇ ਆਂ ਸਾਨੂੰ ਵੀ ਤਾਏ ਵਾਂਗੂੰ ਆਪਣੀ ਸੋਚ ਬਦਲਣ ਦੀ ਲੋੜ ਆ।

**ਪੰਜਾਬੀ ਸਾਹਿਤ ਦੇ ਸਿਰਮੌਰ ਸ਼੍ਰੋਮਣੀ ਸਾਹਿਤਕਾਰ ਜਨਾਬ ਆਜ਼ਾਦ ਜਲੰਧਰੀ ਸਾਹਿਬ ਦੇ ਜਨਮ ਦਿਨ ਨੂੰ ਸਮਰਪਿਤ। ਅਦਾਰਾ ਦੇਸ਼ ਦੁਆਬਾ ਉਹਨਾਂ ਦੀ ਨਰੋਈ ਸਿਹਤ ਅਤੇ ਕਲਮ ਦੀ ਕਲਾ ਲਈ ਦੁਆ ਕਰਦਾ ਹੋਇਆ ਉਹਨਾਂ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੰਦਾ ਹੈ।**

# ਨਵੇਂ ਸਾਲ ਦੀ ਵਧਾਈ



**ਪਿਆਰੇ ਪ੍ਰੇਮ ਕੁਮਾਰ ਚੁੰਬਰ ਜੀ**
**ਸੰਪਾਦਕ ਦੇਸ਼ ਦੁਆਬਾ ਅਤੇ**
**ਅੰਬੇਦਕਰ ਟਾਈਮਜ਼**

ਚੁੰਬਰ ਸਾਹਿਬ ਤੁਹਾਨੂੰ ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ। ਰੱਬ ਕਰੇ ਆਉਣ ਵਾਲਾ ਸਾਲ ਵਿਸ਼ਵ ਲਈ ਖੁਸ਼ੀਆਂ ਭਰਿਆ ਹੋਵੇ। ਇਹ ਜੋ ਦਿਨ ਪ੍ਰਤੀ ਦਿਨ ਦੁਨੀਆਂ ਵਿਚ ਲੜਾਈ-ਝਗੜੇ ਹੋ ਰਹੇ ਹਨ ਅਤੇ ਹਜ਼ਾਰਾਂ ਬੇਗੁਨਾਹ ਮਾਰੇ ਜਾ ਰਹੇ ਹਨ, ਬੰਦ ਹੋ ਜਾਣ ਤਾਂ ਕਿ ਤਮਾਮ ਲੋਕ ਮਿਲ ਜੁਲ ਕੇ ਅਮਨ-ਚੈਨ ਨਾਲ ਰਹਿਣ। ਤੁਹਾਡੀ ਹਿੰਮਤ, ਮਿਹਨਤ ਅਤੇ ਲਗਨ ਸਦਕਾ 'ਦੇਸ਼ ਦੁਆਬਾ' ਅਖ਼ਬਾਰ ਨਿਰੰਤਰ ਤਰੱਕੀ ਕਰ ਰਿਹਾ ਹੈ।

ਤੁਸੀਂ ਮਾਈਕ ਤੰਗੀ ਦੇ ਬਾਵਜੂਦ ਹਿੰਮਤ ਨਹੀਂ ਛੱਡੀ, ਜਿਸ ਦੇ ਫਲਸਰੂਪ ਤੁਹਾਡੇ ਅਖ਼ਬਾਰ ਨੇ ਦੂਜੇ ਅਖ਼ਬਾਰਾਂ ਵਿਚ ਆਪਣਾ ਅਸਥਾਨ ਬਣਾ ਲਿਆ ਹੈ। ਹਮੇਸ਼ਾ ਹਿੰਮਤ ਵਾਲੇ ਲੋਕ ਹੀ ਕਾਮਯਾਬ ਹੋਇਆ ਕਰਦੇ ਹਨ।

ਚੁੰਬਰ ਸਾਹਿਬ ਤੁਹਾਡਾ ਤਾਂ ਨਾਂ ਹੀ ਪ੍ਰੇਮ ਸ਼ਬਦ ਨਾਲ ਆਰੰਭ ਹੁੰਦਾ ਹੈ ਅਤੇ ਪ੍ਰੇਮ ਵਿਚ ਹੀ ਭਗਵਾਨ ਵੱਸਦੇ ਹਨ। ਤੁਹਾਡੇ ਸੁਭਾਅ ਵਿਚ ਨਿਮਰਤਾ ਅਤੇ ਮਿਲਣਸਾਰੀ ਹੈ। ਜਿਹੜਾ ਤੁਹਾਡਾ ਪਲੱਸ ਪੁਆਇੰਟ ਹੈ। ਇਹ ਸਿਫਤ ਕਿਸੇ ਕਿਸੇ ਨੂੰ ਮਿਲਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫੁਰਮਾਇਆ ਹੈ 'ਸਾਚ ਕਹੋ ਸੁਣ ਲਿਓ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'। ਚੁੰਬਰ ਸਾਹਿਬ ਹਮੇਸ਼ਾ ਰੱਬ ਸੱਚਿਆਂ ਅਤੇ ਇਮਾਨਦਾਰ ਬੰਦਿਆਂ ਦੇ ਨਾਲ ਰਹਿੰਦਾ ਹੈ।

ਚੁੰਬਰ ਸਾਹਿਬ ਦੇਸ਼ ਦੁਆਬੇ ਦੇ ਜੰਮਪਲ ਵਿਸ਼ਵ ਦੇ ਕੋਨੇ ਕੋਨੇ ਵਿਚ ਵੱਸੇ ਹੋਏ ਹਨ, ਜਿਹਨਾਂ ਨੇ ਮਿਹਨਤ ਅਤੇ ਹਿੰਮਤ ਸਦਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਜਨਮ ਭੂਮੀ ਦੇਸ਼ ਦੁਆਬੇ ਦੀ ਇਕ ਕਹਾਵਤ ਬੜੀ ਪ੍ਰਸਿੱਧ ਹੈ 'ਛੱਡ ਕੇ ਦੇਸ਼ ਦੁਆਬਾ ਅੰਬੀਆਂ ਨੂੰ ਤਰਸੇਂਗੀ'। ਅਮਰੀਕਾ ਵਿਚ ਆ ਕੇ ਇਹ ਕਹਾਵਤ ਬਿਲਕੁਲ ਦਰੁੱਸਤ ਸਾਬਤ ਹੋਈ ਕਿਉਂਕਿ ਅਮਰੀਕਾ ਵਿਚ ਅੰਬ ਪੈਦਾ ਨਹੀਂ ਹੁੰਦੇ ਬਲਕਿ ਦੂਜੇ ਦੇਸ਼ਾਂ ਵਿਚੋਂ ਦਰਾਮਦ ਕੀਤੇ ਜਾਂਦੇ ਹਨ ਅਤੇ ਸਾਨੂੰ ਖਾਣ ਲਈ ਕਦੀ ਕਦਾਈ ਹੀ ਮਿਲਦੇ ਹਨ। ਦੋਸਤੋ ਦੁਆਬੇ ਦੇ ਜੰਮਪਲ ਅਣਗਿਣਤ ਡਾਕਟਰ, ਇੰਜੀਨੀਅਰ, ਸਾਹਿਤਕਾਰ ਅਤੇ ਬਿਜ਼ਨਸਮੈਨ ਬਾਹਰਲੇ ਦੇਸ਼ਾਂ ਵਿਚ ਵੱਸੇ ਹੋਏ ਹਨ।


ਐਪਰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਇਹਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਕੈਲੇਫੋਰਨੀਆ ਵਿਚ ਵੱਸੇ ਹੋਏ ਕੁਝ ਮਿੱਤਰ ਜਿਹਨਾਂ ਦਾ ਮੈਂ ਜ਼ਿਕਰ ਕਰਨਾ ਚਾਹਾਂਗਾ- ਚਰਨਜੀਤ ਸਿੰਘ ਬਾਠ ਅੰਗੂਰਾਂ ਦੇ ਬਾਦਸ਼ਾਹ, ਟੂਟ ਬ੍ਰਦਰਜ਼ ਅਤੇ ਪਾਲ ਸਹੋਤਾ ਟਰੱਕਾਂ ਦੇ ਬਾਦਸ਼ਾਹ।

ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਕੁਲਵਿੰਦਰ ਪਲਾਹੀ, ਹਰਭਜਨ ਸਿੰਘ ਬੈਂਸ, ਡਾ: ਜਮਾਲ ਹੁਸ਼ਿਆਰਪੁਰੀ ਅਤੇ ਈਸ਼ਰ ਸਿੰਘ ਮੋਮਨ ਪ੍ਰਸਿੱਧ ਸ਼ਾਇਰ ਹਨ। ਬਲਵੀਰ ਬਿੰਦ, ਕੁਲਜੀਤ ਸਿੰਘ ਰਾਏ ਅਤੇ ਰਣਧੀਰ ਸਿੰਘ ਸੁੰਮਨ ਇੰਜੀਨੀਅਰ ਹਨ।

ਅਮਰੀਕ ਚੰਦ (ਸੀ. ਪੀ. ਏ), ਰਾਮ ਸਰੋਏ ਬਰੋਕਰ ਸਰੋਏ ਇਨਵੈਸਟਮੈਂਟ ਰੀਅਲੇਟੀ ਹਨ, ਪਰਮਜੀਤ ਭੁੱਟਾ ਅਤੇ ਮੇਰੇ ਹੋਰ ਬਹੁਤ ਸਾਰੇ ਮਿੱਤਰ, ਜਿਹਨਾਂ ਦਾ ਆਉਣ ਵਾਲੇ ਸਮੇਂ ਵਿਚ ਜ਼ਿਕਰ ਕਰਾਂਗੇ। ਅੰਤ ਵਿਚ ਮੈਂ ਦੇਸ਼ ਦੁਆਬਾ ਅਖ਼ਬਾਰ ਦੀ ਚੜ੍ਹਦੀ ਕਲਾ ਵਾਸਤੇ ਦੁਆ ਕਰਦਾ ਹਾਂ।

**- ਆਜ਼ਾਦ ਜਲੰਧਰੀ, ਸੈਨਹੋਜ਼ੇ**

ਪੰਜਾਬ ਦੀ ਜਿਸ ਪਵਿੱਤਰ ਧਰਤੀ ਨੇ ਬਾਬਾ ਫਰੀਦ ਅਤੇ ਸ੍ਰੀ ਗੁਰੂ ਨਾਨਕ ਦੇਵ ਵਰਗੇ ਪੀਰ ਪੈਗੰਬਰ, ਪ੍ਰਭੂ ਦੇ ਪਿਆਰ ਵਿਚ ਰੰਗੇ ਹੋਏ ਭਗਤ ਅਤੇ ਸੂਫੀ ਦਰਵੇਸ਼ ਪੈਦਾ ਕੀਤੇ ਹਨ, ਉਸੇ ਧਰਤੀ ਵਿਚ ਸੂਫੀਆਨਾ ਸੁਭਾਅ ਦੇ ਮਾਲਕ ਉੱਚ ਕੋਟੀ ਦੇ ਕਵੀ ਆਜ਼ਾਦ ਜਲੰਧਰੀ ਪੈਦਾ ਹੋਏ। ਬਚਪਨ ਤੋਂ ਹੀ ਮਹਾਂਪੁਰਖਾਂ ਦੀ ਬਾਣੀ ਆਜ਼ਾਦ ਜੀ ਦੇ ਹਿਰਦੇ ਉਤੇ ਉਕਰੀ ਗਈ ਹੈ। ਇਹਨਾਂ ਦੀਆਂ ਰਚਨਾਵਾਂ ਵਿਚ ਅਧਿਆਤਮਵਾਦ ਇਤਨੀਆਂ ਸੁੰਦਰ ਤਸ਼ਬੀਹਾਂ ਦੇ ਕੇ ਬਿਆਨ ਕੀਤਾ ਗਿਆ ਹੈ ਕਿ ਪੜ੍ਹਨ ਵਾਲਾ ਵਿਸਮਾਦ ਦੀ ਅਵਸਥਾ ਵਿਚ ਚਲਾ ਜਾਂਦਾ ਹੈ।



ਬੜੇ ਬੜੇ ਗੂੜ੍ਹੇ ਰਹੱਸ ਇਤਨੇ ਸਰਲ ਮੁਹਾਵਰੇਦਾਰ ਭਾਸ਼ਾ ਵਿਚ ਬਿਆਨ ਕੀਤੇ ਗਏ ਹਨ, ਜੋ ਅਖ਼ੋਤਾਂ ਵਾਂਗ ਬੜੀ ਛੇਤੀ ਪਾਠਕਾਂ ਦੀ ਜ਼ੁਬਾਨ ਤੇ ਚੜ੍ਹ ਜਾਂਦੇ ਹਨ। ਅੱਜ ਸੰਸਾਰ ਦੇ ਅਮਨ ਪਸੰਦ ਸੁਝਵਾਨ ਲਿਖਾਰੀ ਯਤਨ ਕਰ ਰਹੇ ਹਨ ਕਿ ਨਫਰਤ ਦੀ ਅੱਗ ਵਿਚ ਸੜਦੇ ਹੋਏ ਸੰਸਾਰ ਨੂੰ ਗੁਰੂਆਂ, ਪੀਰਾਂ ਪੈਗੰਬਰਾਂ ਅਤੇ ਮਹਾਂਪੁਰਖਾਂ ਵਾਂਗ ਆਪਸੀ ਪਿਆਰ ਮੁਹੱਬਤ ਅਤੇ ਆਲਮੀ ਭਾਈਚਾਰੇ ਲਈ ਪ੍ਰੇਰਿਆ ਜਾਵੇ। ਆਪਣੀ ਪੁਸਤਕ 'ਰੁਬਾਈ ਮਾਲਾ' ਵਿਚ ਲਿਖਦੇ ਹਨ ਕਿ ਐ ਦੁਨੀਆ ਦੇ ਲੋਕੋ ਰੱਬ ਇਕੋ ਹੈ:

ਬਣਕੇ ਨਾਨਕ ਦੇਵ ਕਦੇ ਤੈਂ ਭੁੱਲਿਆਂ ਨੂੰ ਰਾਹ ਪਾਇਆ।
ਧਰਮ ਲਈ ਗੋਬਿੰਦ ਸਿੰਘ ਬਣਕੇ ਤੈਂ ਸਰਬੰਸ ਲੁਟਾਇਆ।
ਕ੍ਰਿਸ਼ਨ ਮੁਰਾਰੀ ਬਣ ਕੇ ਰਣ ਵਿਚ ਗੀਤਾ ਕਦੇ ਉਚਾਰੀ,
ਬੁੱਧ ਮੁਹੰਮਦ ਈਸਾ ਬਣ ਕੇ ਤੈਂ ਅੰਮ੍ਰਿਤ ਬਰਸਾਇਆ।

ਜਦੋਂ ਮਜ਼ਹਬੀ ਕੱਟੜਵਾਦ ਤੋਂ ਪੈਦਾ ਹੋਈ ਨਫਰਤ ਨਾਲ ਫਿਰਕੂ ਫਸਾਦ ਹੁੰਦੇ ਹਨ ਅਤੇ ਮਨੁੱਖ ਹੀ ਮਨੁੱਖਾਂ ਦਾ ਖੂਨ ਡੋਲ੍ਹਦੇ ਹਨ ਤਾਂ ਉਹਨਾਂ ਨੂੰ ਦੇਖ ਕੇ ਆਜ਼ਾਦ ਜੀ ਇਕ ਸਵਾਲ ਕਰਦੇ ਹਨ:

ਜੇ ਹਰ ਮਜ਼ਹਬ ਪਿਆਰ ਦਾ ਹਾਮੀ ਖਿਦਮਤਗਾਰ ਖੁਦਾਈ।
ਫਿਰ ਦੱਸੋ ਇਸ ਦੁਨੀਆ ਅੰਦਰ ਨਫਰਤ ਕਿੱਥੋਂ ਆਈ।
ਲੋੜ ਹੈ ਅੱਜ ਸਭ ਮਜ਼ਹਬ ਮਿਲਕੇ ਖਿਦਮਤ ਕਰੋ ਖਲਕ ਦੀ।
ਜੇ ਮਜ਼ਹਬ ਨਹੀਂ ਵੈਰ ਸਿਖਾਉਂਦਾ ਕਾਹਦੀ ਫੇਰ ਲੜਾਈ।

ਮੇਰੀ ਅਕਾਲ ਪੁਰਖ ਅੱਗੇ ਇਹੋ ਅਰਦਾਸ ਹੈ ਕਿ ਉਹ ਆਜ਼ਾਦ ਜਲੰਧਰੀ ਨੂੰ ਲੰਮੀ ਉਮਰ ਬਖਸ਼ੇ ਤਾਂ ਕਿ ਇਹ ਸਾਹਿਤ ਦਾ ਭੰਡਾਰ ਭਰਨ ਲਈ ਇਸੇ ਤਰ੍ਹਾਂ ਆਪਣੀ ਕਲਮ ਚਲਾਉਂਦੇ ਰਹਿਣ ਅਤੇ ਸੰਸਾਰ ਦੇ ਲੋਕਾਂ ਵਿਚ ਭਾਈਚਾਰੇ ਦੀ ਭਾਵਨਾ ਪੈਦਾ ਕਰਦੇ ਰਹਿਣ। (ਪ੍ਰੇਰਨਾ 'ਚੋਂ ਧੰਨਵਾਦ ਸਹਿਤ)

**- ਜੰਗ ਸਿੰਘ ਗਿਆਨੀ (ਸਵਰਗਵਾਸੀ)**
**ਫਰੀਮਾਂਟ , ਕੈਲੇਫੋਰਨੀਆ**

# ਦੇਸ਼ ਦੁਆਬੇ ਦੀ ਧਰਤੀ

ਦੇਸ਼ ਦੁਆਬੇ ਦੀ ਧਰਤੀ
ਤੈਨੂੰ ਵਾਰ ਵਾਰ ਪਰਨਾਮ ਕਰਾਂ
ਵਿਚ ਪਰਦੇਸਾਂ ਬੈਠਾ ਤੈਨੂੰ
ਯਾਦ ਮੈਂ ਸੁਬਹਾ ਸ਼ਾਮ ਕਰਾਂ
ਤੇਰੀ ਪਾਕ ਪਵਿੱਤਰ ਮਿੱਟੀ ਦਾ
ਬੁੱਤ ਬਣਿਆ ਮੇਰਾ
ਭੁੱਲ ਨਹੀਂ ਸਕਦਾ ਜੀਵਨ ਭਰ
ਅਹਿਸਾਨ ਇਹ ਮੈਨੂੰ ਤੇਰਾ
ਆਪਣੇ ਸਾਰੇ ਗੀਤ ਤੇ ਗਜ਼ਲਾਂ
ਦਿਲ ਕਰਦਾ ਤੇਰੇ ਨਾਮ ਕਰਾਂ।
ਮਮਤਾ ਵਰਗੀਆਂ ਠੰਡੀਆਂ
ਤੇਰੇ ਦੇਸ਼ ਦੀਆਂ ਨੇ ਛਾਵਾਂ
ਭਗਤ ਸਿੰਘ ਜਹੇ ਦੇਸ਼ ਭਗਤ
ਜਿੱਥੇ ਜਾਣਦੀਆਂ ਅਣਖੀ ਮਾਵਾਂ
ਜੀ ਕਰਦਾ ਏ ਕੁਝ ਦਿਨ ਤੇਰੀ
ਗੋਦੀ ਵਿਚ ਆਰਾਮ ਕਰਾਂ।
ਇਉਂ ਲਗਦਾ ਜਿਉਂ ਵਿਛੜਿਆਂ ਨੂੰ
ਬੀਤ ਹਜ਼ਾਰਾਂ ਬਰਸ ਗਏ
ਛੱਡ ਕੇ ਦੇਸ਼ ਦੁਆਬਾ ਲੋਕੀ
ਸਭ ਅੰਬੀਆਂ ਨੂੰ ਤਰਸ ਗਏ
ਅੰਬ ਚੂਪਾਂ ਤੇ ਨਾਲੇ ਤੈਨੂੰ
ਸੌ ਸੌ ਵਾਰ ਸਲਾਮ ਕਰਾਂ।
ਰੋਜ਼ੀ ਰੋਟੀ ਦੀ ਖਾਤਰ ਅਸੀਂ
ਬੈਠੇ ਜਾ ਕੇ ਦੂਰ ਬੜੇ
ਹਰੇ ਹਰੇ ਨੋਟਾਂ ਦੀ ਖਾਤਰ
ਹੋ ਗਏ ਹਾਂ ਮਜਬੂਰ ਬੜੇ
ਜਿਸ ਵਿਚ ਤੇਰੀ ਸ਼ੋਭਾ ਹੋਵੇ
ਮੈਂ ਕੋਈ ਐਸਾ ਕਾਮ ਕਰਾਂ।।
ਆਜ਼ਾਦ ਨਵਾਂ ਮੁੜ ਸਾਲ
ਆ ਗਿਆ ਲੋਕੀ ਖੁਸ਼ੀ ਮਨਾਉਂਦੇ ਨੇ
ਹਰ ਪਾਸੇ ਮਸਤੀ ਦਾ ਆਲਮ
ਨੱਚਦੇ ਭੰਗੜਾ ਪਾਉਂਦੇ ਨੇ
ਜੀ ਕਰਦਾ ਏ ਪੇਸ਼ ਮੈਂ ਤੈਨੂੰ ਭੀ
ਖੁਸ਼ੀਆਂ ਦੇ ਜਾਮ ਕਰਾਂ।

**–ਆਜ਼ਾਦ ਜਲੰਧਰੀ**
1883 Orlando Drive
Sanjose, CA 95122
(408) 258-6532

# ਕਲਗੀਧਰ ਦੇ ਸਿੰਘ ਸੂਰਮੇ

ਪਾਪ ਕਰਨ ਤੋਂ ਬਾਜ਼ ਨਾ ਆਏ
ਮੁਗਲ ਜਦੋਂ ਹਤਿਆਰੇ
ਜ਼ੁਲਮ ਨਾਲ ਟਕਰਾ ਗਏ
ਗੋਬਿੰਦ ਸਿੰਘ ਦੇ ਸਿੰਘ ਪਿਆਰੇ
ਬੰਦ ਬੰਦ ਕੱਟ ਗਏ ਖੋਪਰ ਲਹਿ ਗਏ
ਸੀਸ ਤੇ ਚੱਲੇ ਆਰੇ
ਕਲਗੀਧਰ ਦੇ ਸਿੰਘ ਸੂਰਮੇ
ਸਿਦਕੋਂ ਮੂਲ ਨਾ ਹਾਰੇ।

### ਗੀਤ

ਕਲਗੀਧਰ ਦੇ ਸਿੰਘ ਸੂਰਮੇ ਨੱਚਦੇ ਨੇ ਤਲਵਾਰਾਂ ਤੇ
ਮੌਤ ਨਾਲ ਪਏ ਖੇਡਾਂ ਖੇਡਣ ਬਹਿ ਕੇ ਤੇਜ਼ ਕਟਾਰਾਂ ਤੇ।

ਲੋੜ ਪਵੇ ਤਾਂ ਕਰਨ ਟਾਕਰਾ ਵੱਧਕੇ ਅੱਤਿਆਚਾਰਾਂ ਦਾ
ਸੀਸ ਤਲੀ ਤੇ ਧਰ ਕੇ ਲੜਦੇ ਮੂੰਹ ਮੋੜਨ ਤਲਵਾਰਾਂ ਦਾ
ਨੀਂਦ ਆਵੇ ਤਾਂ ਸੌਂ ਜਾਂਦੇ ਨੇ ਇਹ ਖੰਡਿਆਂ ਦੀਆਂ ਧਾਰਾਂ ਤੇ
ਕਲਗੀਧਰ ਤੇ ਸਿੰਘ ਸੂਰਮੇ

ਗੋਬਿੰਦ ਸਿੰਘ ਦਾ ਇਕ ਸੂਰਮਾ ਲੱਖਾਂ ਨਾਲ ਟਕਰਾ ਜਾਂਦਾ
ਦੇਖ ਕੇ ਲੜਦਾ ਰਣ ਵਿਚ ਇਹਨੂੰ ਕਾਲ ਵੀ ਹੈ ਘਬਰਾ ਜਾਂਦਾ
ਡਰਦੇ ਪਰਬਤ ਕੰਬਦੇ ਦੇਖੇ ਨਲੂਏ ਜਹੇ ਸਰਦਾਰਾਂ ਤੇ।
ਕਲਗੀਧਰ ਤੇ ਸਿੰਘ ਸੂਰਮੇ

ਧਰਮ ਲਈ ਸਰਬੰਸ ਲੁਟਾ ਕੇ ਰੱਬ ਦਾ ਸ਼ੁਕਰ ਮਨਾ ਲੈਣਾ
ਯਾਦ ਜਦੋਂ ਪੁੱਤਰਾਂ ਦੀ ਆਵੇ ਹਿੱਕ ਨਾਲ ਖੰਡਾ ਲਾ ਲੈਣਾ
ਮਾਣ ਏ ਸਾਨੂੰ ਗੋਬਿੰਦ ਜਹੇ ਕੌਮ ਦੇ ਸਿਪਾਹਸਲਾਰਾਂ ਤੇ।
ਕਲਗੀਧਰ ਦੇ ਸਿੰਘ ਸੂਰਮੇ

ਆਪਣੀ ਅਣਖ ਦੀ ਖਾਤਰ ਹੱਸ ਕੇ ਸੂਲੀ ਤੇ ਚੜ੍ਹ ਜਾਂਦੇ ਨੇ
ਮਸਤ ਹਾਥੀਆਂ ਮੋਹਰੇ ਜਾ ਕੇ ਇਹ ਕੱਲੇ ਖੜ੍ਹ ਜਾਂਦੇ ਨੇ
ਬਹਿ ਜਾਂਦੇ ਆਜ਼ਾਦ ਕਦੀ ਇਹ ਭਖਦੇ ਹੋਏ ਅੰਗਿਆਰਾਂ ਤੇ
ਕਲਗੀਧਰ ਦੇ ਸਿੰਘ ਸੂਰਮੇ

**-ਆਜ਼ਾਦ ਜਲੰਧਰੀ**

# ਰੁਬਾਈ

ਸ਼ਹੀਦਾਂ ਦਾ ਵਤਨ ਉਤੇ
ਬੜਾ ਉਪਕਾਰ ਹੁੰਦਾ ਏ
ਇਹਨਾਂ ਦੀਆਂ ਰਹਿਮਤਾਂ ਨਾਲ
ਦੇਸ਼ ਦਾ ਉਧਾਰ ਹੁੰਦਾ ਏ
ਇਹ ਬੁਨਿਆਦਾਂ 'ਚ ਭਰਦੇ ਨੇ
ਜਿਗਰ ਦੀ ਚਾਲ ਕੇ ਚਰਬੀ
ਉਸੇ ਤੇ ਮਹਿਲ ਆਜ਼ਾਦੀ ਦਾ
ਫਿਰ ਤਿਆਰ ਹੁੰਦਾ ਏ।

ਪਰਨਾਮ ਸ਼ਹੀਦਾਂ ਨੂੰ
ਜੋ ਧਰਮ ਲਈ ਮਿਟ ਗਏ ਨੇ
ਗੁਮਨਾਮ ਸ਼ਹੀਦਾਂ ਨੂੰ
ਲੱਖ ਵਾਰ ਮੈਂ ਕਰਦਾ ਹਾਂ
ਪਰਨਾਮ ਸ਼ਹੀਦਾਂ ਨੂੰ।

ਇਕ ਰੱਬੀ ਹੁਕਮ ਲੈ ਕੇ
ਸੰਸਾਰ ਤੇ ਆਉਂਦੇ ਨੇ
ਕਦੇ ਚੁੱਕਦੇ ਨੇ ਤਲਵਾਰਾਂ
ਕਦੇ ਸੀਸ ਕਟਾਉਂਦੇ ਨੇ।

ਆਉਂਦਾ ਏ ਧੁਰੋਂ ਰੱਬ ਦਾ
ਪੈਗਾਮ ਸ਼ਹੀਦਾਂ ਨੂੰ। ਲੱਖ ਵਾਰ

ਕੋਈ ਧਰਮ ਦੀ ਰਾਖੀ ਲਈ
ਬਹਿ ਕੇ ਤਵੀਆਂ ਸੜ ਜਾਂਦਾ
ਕੋਈ ਦੇਸ਼ ਲਈ ਹੱਸ ਕੇ
ਸੂਲੀ ਤੇ ਹੈ ਚੜ੍ਹ ਜਾਂਦਾ।

ਪੈਂਦਾ ਮੌਤ ਨਾਲ ਲੜਨਾ
ਹਰ ਗਾਮ ਸ਼ਹੀਦਾਂ ਨੂੰ, ਲੱਖ ਵਾਰ

ਪੁੱਤਰਾਂ ਦੀਆਂ ਲਾਸ਼ਾਂ ਤੇ
ਕਦੇ ਪੈਰ ਵਧਾਉਂਦੇ ਨੇ
ਕਦੇ ਚੱਲਦੇ ਨੇ ਕੰਡਿਆਂ ਤੇ
ਕਦੇ ਸੱਥਰਾਂ ਤੇ ਸੌਂਦੇ ਨੇ
ਇਕ ਪਲ ਵੀ ਨਹੀਂ ਮਿਲਦਾ
ਆਰਾਮ ਸ਼ਹੀਦਾਂ ਨੂੰ, ਲੱਖ ਵਾਰ

ਹਰ ਸਾਲ ਚਿਤਾਵਾਂ ਤੇ
ਜੜਾ ਮੇਲੇ ਮਨਾਉਂਦੇ ਏ
ਆਜ਼ਾਦ ਸ਼ਹੀਦਾਂ ਨੂੰ
ਰੱਬ ਸੀਸ ਨਿਵਾਉਂਦਾ ਏ
ਮਿਲਦਾ ਏ ਖੂਬਸੂਰਤ
ਅੰਜਾਮ ਸ਼ਹੀਦਾਂ ਨੂੰ, ਲੱਖ ਵਾਰ।

**-ਆਜ਼ਾਦ ਜਲੰਧਰੀ**

# ਲੋਹੜੀ

ਪਾਲਾ ਪੋਹ ਦਾ ਜਦੋਂ ਹੈ ਮਾਰ ਕਰਦਾ
ਮਿਲ ਕੇ ਲੋਕ ਨੇ ਥਾਂ ਥਾਂ ਮਨਾਉਣ ਲੋਹੜੀ।
ਬੰਨ੍ਹ ਬੰਨ੍ਹ ਕੇ ਟੋਲੀਆਂ ਜਾਣ ਸਾਰੇ
ਘਰ ਘਰ ਮੰਗ ਕੇ ਮੁੰਡੇ ਲਿਆਉਣ ਲੋਹੜੀ।

ਸ਼ੇਰ ਪੈਂਦਾ ਏ ਸੁੰਦਰੀਏ ਮੁੰਦਰੀਏ ਦਾ
ਨੱਢੇ ਨੱਢੀਆਂ ਥਾਂ ਥਾਂ ਪਏ ਗਾਉਣ ਲੋਹੜੀ।
ਖਾਲੀ ਥਾਂ ਬਾਲਣ ਕੱਠਾ ਕਰਨ ਲੋਕੀਂ
ਮਿਲ ਕੇ ਸਾਰੇ'ਆਜ਼ਾਦ' ਜਲਾਉਣ ਲੋਹੜੀ।

ਕੁੜੀਆਂ ਲੈ ਕੇ ਫੁਲਕਾਰੀਆਂ ਆਉਣ ਸਿਰ ਤੇ
ਮੁੰਡੇ ਖੇਸਾਂ ਦੀਆਂ ਬੁੱਕਲਾਂ ਮਾਰਦੇ ਨੇ।
ਗੁੜ ਤੇ ਰਿਉੜੀਆਂ ਖਾਂਦੇ ਨੇ ਲੋਕ ਰਲ ਕੇ
ਅੱਗ ਸੇਕਦੇ ਠੰਡ ਉਤਾਰਦੇ ਨੇ।
ਗਿੱਧਾ ਪਾ ਕੇ ਮੁਟਿਆਰਾਂ ਹਲਾਉਣ ਧਰਤੀ
ਰਲਕੇ ਸਰਦੀਆਂ ਨੂੰ ਦੇਣ ਛੱਡ ਯਾਰੋ।
ਰਲਕੇ ਗੱਭਰੂ 'ਆਜ਼ਾਦ' ਜਦ ਪਾਉਣ ਭੰਗੜਾ
ਥਰ ਥਰ ਕੰਬਦੀ ਏ ਡਰਦੀ ਠੰਢ ਯਾਰੋ।

**-ਆਜ਼ਾਦ ਜਲੰਧਰੀ**

# ਕਵਿਤਾ

# ਨਕਲੀ ਚਿਹਰਾ



ਵਾਹਿਗੁਰੂ, ਅਲਾਹ, ਰਾਮ ਸਭ ਇੱਕ ਰੱਬ ਦੇ ਨਾਂ ਨੇ,
ਗੁਰੂਦੁਆਰੇ, ਮਸੀਤ, ਮੰਦਰ ਸਭ ਇੱਕ ਰੱਬ ਦੇ ਥਾਂ ਨੇ।
ਰੋਜ਼ ਸਵੇਰੇ ਉਠ ਕੇ ਜਿਸ ਰੱਬ ਦੇ ਗੁਣ ਗਾਉਂਦੇ ਨੇ,
ਨਕਲੀ ਚਿਹਰਾ ਲਾ ਕੇ ਫਿਰ ਉਸ ਨੂੰ ਕਿਉਂ ਭਰਮਾਉਂਦੇ ਨੇ।
ਕੁਰਸੀ ਲਈ ਬੰਦਾ ਕੀ ਕੁੱਝ ਨਹੀਂ ਕਰਦਾ,
ਕਤਲ ਕਰਨ ਵੇਲੇ ਵੀ ਰੱਬ ਤੋਂ ਨਹੀਂ ਡਰਦਾ।
ਮੰਦਰ ਖਾਤਰ ਜੋ ਮਸੀਤ ਨੂੰ ਢਾਉਂਦੇ ਨੇ,
ਨਕਲੀ ਚਿਹਰਾ ਲਾ ਕੇ ਫਿਰ ਉਸ ਨੂੰ ਕਿਉਂ ਭਰਮਾਉਂਦੇ ਨੇ।
ਰੱਬ ਨੇ ਤਾਂ ਬਸ ਇੱਕ ਇਨਸਾਨ ਬਣਾਇਆ ਸੀ,
ਜਾਤ-ਪਾਤ ਦਾ ਬੂਟਾ ਉਹਨੇ ਕਿੱਥੇ ਲਾਇਆ ਸੀ।
ਉਚੀ ਥਾਂਵਾਂ ਬਹਿ ਕੇ ਜੋ ਜਾਤਾਂ-ਪਾਤਾਂ ਦਾ
ਪਾਠ ਪੜ੍ਹਾਉਂਦੇ ਨੇ,
ਨਕਲੀ ਚਿਹਰਾ ਲਾ ਕੇ ਫਿਰ ਉਸ ਨੂੰ
ਕਿਉਂ ਭਰਮਾਉਂਦੇ ਨੇ।
ਧੀਆਂ-ਪੁੱਤਰਾਂ ਵਿੱਚ ਫਰਕ ਨਾ ਕਰੋ ਲੋਕੋ,
ਫਰਕ ਕਰਨ ਵੇਲੇ ਰੱਬ ਤੋਂ ਡਰੋ ਲੋਕੋ।
ਧੀਆਂ ਕੁੱਖੀ ਮਰਵਾ ਕੇ ਜੋ ਪੁੱਤਰਾਂ ਦੀ ਅਰਦਾਸ ਕਰਵਾਉਂਦੇ ਨੇ,
ਨਕਲੀ ਚਿਹਰਾ ਲਾ ਕੇ ਫਿਰ ਉਸ ਨੂੰ ਕਿਉਂ ਭਰਮਾਉਂਦੇ ਨੇ।

**- ਹਰਕੀਰਤ ਕੌਰ 'ਕਲਾਮ'**
**ਪਿੰਡ- ਕਾਲੀਆ, ਸੰਗਰੂਰ**

# ਜੇ ਡੌਲੇ ਮਜ਼ਬੂਤ ਨੇ

ਜੇ ਡੌਲੇ ਮਜ਼ਬੂਤ ਨੇ ਤੇਰੇ ਰੋਜ਼ ਝਨਾਵਾਂ ਤਰਿਆ ਕਰ
ਕੱਚਿਆਂ ਘੜਿਆਂ ਵਾਂਗਰ ਐਵੇਂ ਅੱਧ ਵਿਚਕਾਰ ਨਾ ਖਰਿਆ ਕਰ
ਜੇਕਰ ਵੇਹਲਾ ਬੈਠੇਂਗਾ ਤਾਂ ਪਿੰਡ ਚਰਬੀ ਚੜ੍ਹ ਜਾਊਗੀ
ਤੰਦਰੁਸਤ ਜੇ ਰਹਿਣਾ ਏ ਤਾਂ ਦੁੱਖ ਤਕਲੀਫਾਂ ਜਰਿਆ ਕਰ
ਜੇਕਰ ਥੋੜ੍ਹਾ ਮਿਲਿਆ ਤੈਨੂੰ ਥੋੜ੍ਹੇ ਨਾਲ ਗੁਜ਼ਾਰਾ ਕਰ
ਜੇਕਰ ਬਾਹਲਾ ਦਿੱਤਾ ਰੱਬ ਨੇ ਡੰਗਰਾਂ ਵਾਂਗ ਨਾ ਚਰਿਆ ਕਰ
ਨਵਾਂ ਜ਼ਮਾਨਾ ਆਇਆ ਏ ਕੋਈ ਗੱਲ ਕਰ ਨਵੇਂ ਜ਼ਮਾਨੇ ਦੀ
ਉਹੀਓ ਘਿਸੀਆਂ ਪਿਟੀਆਂ ਰੋਜ਼ ਦਲੀਲਾਂ ਪੇਸ਼ ਨਾ ਕਰਿਆ ਕਰ
ਇਹ ਤੈਨੂੰ ਸਮਝਾਵਣ ਵਾਲੇ ਖੁਦ ਅਮਲਾਂ ਤੋਂ ਕੋਰੇ ਨੇ
ਬੇਅਮਲਾਂ ਦੀਆਂ ਗੱਲਾਂ ਉਤੇ ਬਾਹਲੇ ਨਾ ਕੰਨ ਧਰਿਆ ਕਰ
ਰੱਬ ਤੋਂ ਕੀ ਡਰਦਾ ਏਂ ਰੱਬ ਕੋਈ ਲਾਠੀ ਕੱਢੀ ਫਿਰਦਾ ਏ
ਡਰਨਾ ਏ ਤਾਂ ਆਪਣੀਆਂ ਕਰਤੂਤਾਂ ਕੋਲੋਂ ਡਰਿਆ ਕਰ
ਮੌਤ ਤੇ ਇਕ ਦਿਨ ਸਭ ਨੂੰ ਆਉਣੀ ਤੂੰ ਉਸ ਕੀ ਕਰ ਲਏਂਗਾ
ਡਰ ਡਰ ਕੇ 'ਆਜ਼ਾਦ' ਮੌਤ ਤੋਂ ਬੇਮੌਤੇ ਨਾ ਮਰਿਆ ਕਰ।

**- ਆਜ਼ਾਦ ਜਲੰਧਰੀ**

# ਜਾਗੋ ਹੋਸ਼ ਕਰੋ

ਲਾਸ਼ਾਂ ਦੇ ਵਣਜਾਰੋ ਜਾਗੋ ਹੋਸ਼ ਕਰੋ
ਮੌਤ ਖਰੀਦਣ ਹਾਰੋ ਜਾਗੋ ਹੋਸ਼ ਕਰੋ
ਇਕ ਦਿਨ ਮਾਸੂਮਾਂ ਦਾ ਲਹੂ ਪੁਕਾਰੇਗਾ
ਬੇਦੋਸ਼ੇ ਨਾ ਮਾਰੋ ਜਾਗੋ ਹੋਸ਼ ਕਰੋ
ਵਕਤ ਨਾਲ ਹਾਲਾਤ ਬਦਲਦੇ ਰਹਿੰਦੇ ਨੇ
ਐਵੇਂ ਨਾ ਹੰਕਾਰੋ ਜਾਗੋ ਹੋਸ਼ ਕਰੋ
ਜੰਗ ਨਾਲ ਕੋਈ ਮਸਲਾ ਹੱਲ ਨਹੀਂ ਹੋ ਸਕਦਾ
ਰੂਪ ਅਮਨ ਦਾ ਧਾਰੋ ਜਾਗੋ ਹੋਸ਼ ਕਰੋ
ਲੱਭੋ ਤਾਂ ਹਰ ਮੁਸ਼ਕਿਲ ਦਾ ਹੱਲ ਮਿਲ ਸਕਦਾ
ਵਿਸ਼ਵ ਦੀਓ ਸਰਕਾਰੋ ਜਾਗੋ ਹੋਸ਼ ਕਰੋ
ਘਰ ਦੇ ਰਾਖੇ ਘਰ ਨੂੰ ਲੁੱਟੀ ਜਾਂਦੇ ਨੇ
ਘਰ ਦਿਓ ਪਹਿਰੇਦਾਰੋ ਜਾਗੋ ਹੋਸ਼ ਕਰੋ
ਅਮਨ ਪਿਆਰ ਦੀ ਗੱਲ ਕਰੋ 'ਆਜ਼ਾਦ' ਤੁਸੀਂ
ਜੱਗ ਦਿਓ ਸਾਹਿਤਕਾਰੋ ਜਾਗੋ ਹੋਸ਼ ਕਰੋ।

**- ਆਜ਼ਾਦ ਜਲੰਧਰੀ**

ਸਵਾ ਲਾਖ ਸੇ ਏਕ ਲੜਾਓਂ ਤਬੈ ਗੋਬਿੰਦ ਸਿੰਘ ਨਾਮ ਕਹਾਓਂ

ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ

ਨਵੇਂ ਸਾਲ 2015 ਦੀਆਂ

ਲੱਖ ਲੱਖ ਵਧਾਈਆਂ


ਗੁਰੂ ਗੋਬਿੰਦ ਸਿੰਘ ਜੀ

We Do Complete Engine Transmission, Body and Paint Work We Sell Used Cars at a Good Price

AAA AUTO AND BODY WORKS


Prop: Jasbir Singh Takhar


Harmandeep Singh

Free Estimates Free Towing

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

510- 733- 2222

1421 Industrial PKWY West#F Hayward, CA 94544




ਸਵਾ ਲਾਖ ਸੇ ਏਕ ਲੜਾਓਂ ਤਬੈ ਗੋਬਿੰਦ ਸਿੰਘ ਨਾਮ ਕਹਾਓਂ

ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ

ਨਵੇਂ ਸਾਲ 2015 ਦੀਆਂ

ਲੱਖ ਲੱਖ ਵਧਾਈਆਂ





ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

Phone: 510-538-1138

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਦਿਵਸ ਤੇ ਨਵੇਂ ਸਾਲ 2015 ਦੀਆਂ ਲੱਖ ਲੱਖ ਵਧਾਈਆਂ

# INDIA MARKET
## SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for **$2.99**

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

We have the largest collection for Indian, Fijian & Pakistani Grocery



**The Threading queen**
**threading & HEENA TATTOOS**

We accept EBT cards

Call for appointment
(916) 297-0150, (916) 316-8199

Eyebrow Threading & Henna Tattoo (each hand)
Only for $ 5.00

(Regular $ 8.00)
Walk In Welcome
Mon-Sat 10am to 7 pm

| | |
|---|---|
| 1265 Pleasant Grove Blvd. # 100 Roseville, CA 95747 | 916-786-7666 |
| 5203 Elkhorn Blvd.Sacramento, CA 95842 | 916-338-5511 |



# ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ
# ਨਵੇਂ ਸਾਲ 2015 ਦੀਆਂ ਲੱਖ ਲੱਖ ਵਧਾਈਆਂ



ਗੁਰੂ ਗੋਬਿੰਦ ਸਿੰਘ ਜੀ



Balbir Suman

# STAR EXPRESS TRUCKING INC



(530) 635-3853

3530 Emma Ct., Yuba City, CA- 95993

ਸਵਾ ਲਾਖ ਸੇ ਏਕ ਲੜਾਊਂ
ਤਬੇ ਗੋਬਿੰਦ ਸਿੰਘ ਨਾਮ ਕਹਾਊਂ

# ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2015 ਦੀਆਂ

## ਲੱਖ ਲੱਖ ਵਧਾਈਆਂ






Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com